ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2540 | 30 July, 2026 Thursday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

# ਇੱਕ ਅਗਸਤ ਨੂੰ 40 ਲੱਖ ਔਰਤਾਂ ਦੇ ਮੋਬਾਈਲ ਫੋਨਾਂ ਵਿੱਚ ਵਜੇਗੀ ਟੂੰ-ਟੂੰ: ਭਗਵੰਤ ਮਾਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਇੱਥੋਂ ਦੇ ਸਰਕਾਰੀ ਕਾਲਜ ਦੇ ਮੈਦਾਨ ਵਿੱਚ ਉਸ ਵੇਲੇ ਸ਼ਰਧਾਲੂਆਂ ਦਾ ਵੱਡਾ ਇਕੱਠ ਹੋਇਆ, ਜਦੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 'ਇੱਕ ਸ਼ਾਮ ਭਗਵਾਨ ਸ਼ਿਵ ਕੇ ਨਾਮ' ਦੇ ਵਿਸ਼ਾਲ ਭਜਨ ਸੰਧਿਆ ਵਿੱਚ ਸ਼ਾਮਲ ਹੋਏ। ਇਸ ਦੌਰਾਨ ਪੂਰੇ ਪੰਡਾਲ ਵਿੱਚ "ਹਰਿ ਹਰਿ ਮਹਾਦੇਵ" ਦੇ ਜੈਕਾਰੇ ਗੂੰਜ ਉੱਠੇ। ਮੁੱਖ ਮੰਤਰੀ ਨੇ ਵੀ ਸ਼ਰਧਾਲੂਆਂ ਨਾਲ ਮਿਲ ਕੇ ਜੈਕਾਰੇ ਲਾਏ, ਜਦੋਂ ਕਿ ਪ੍ਰਸਿੱਧ ਗਾਇਕ ਹੰਸਰਾਜ ਰਘੂਵੰਸ਼ੀ ਨੇ ਭਗਤੀ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਆਪਸੀ ਭਾਈਚਾਰਕ ਸਾਂਝ ਅਤੇ ਸਦਭਾਵਨਾ ਦੀ ਪਰੰਪਰਾ ਇਸ ਦੀ ਸਭ ਤੋਂ ਵੱਡੀ ਤਾਕਤ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਾਰੇ ਧਰਮਾਂ ਦੇ ਲੋਕ ਹਰ ਤਿਉਹਾਰ ਮਿਲ ਕੇ ਮਨਾਉਂਦੇ ਹਨ ਅਤੇ ਇਸ ਸੂਬੇ ਵਿੱਚ ਨਫ਼ਰਤ ਦਾ ਕੋਈ ਬੀਜ ਕਦੇ ਨਹੀਂ ਉੱਗ ਸਕਦਾ। ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਕਿ 40 ਲੱਖ ਨਵੀਆਂ ਰਜਿਸਟਰਡ ਔਰਤਾਂ ਨੂੰ ਇਕ ਅਗਸਤ ਤੋਂ ਵਿੱਤੀ ਸਹਾਇਤਾ ਮਿਲੇਗੀ। ਉਨ੍ਹਾਂ ਦੁਹਰਾਇਆ ਕਿ ਸਰਕਾਰ ਲੋਕ ਪੱਖੀ ਪਹਿਲਕਦਮੀਆਂ ਰਾਹੀਂ ਜਨਤਾ ਦਾ ਪੈਸਾ ਲੋਕਾਂ ਨੂੰ ਹੀ ਵਾਪਸ ਕਰ ਰਹੀ ਹੈ। ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਧਾਰਮਿਕ ਉਤਸ਼ਾਹ, ਖੁਸ਼ੀ ਅਤੇ ਭਗਤੀ ਨਾਲ ਭਰੇ ਇਸ ਰਾਜ ਪੱਧਰੀ ਸਮਾਗਮ ਵਿੱਚ ਹਿੱਸਾ ਲੈਣਾ ਮੇਰੇ ਲਈ ਬਹੁਤ ਗੌਰਵ ਅਤੇ ਸੰਤੁਸ਼ਟੀ ਦੀ ਗੱਲ ਹੈ। ਸੂਬਾ ਸਰਕਾਰ ਨੇ ਇਸ ਵੱਡੇ ਸਮਾਗਮ ਲਈ ਇਸ ਪਵਿੱਤਰ ਧਰਤੀ ਨੂੰ ਜਾਣਬੁੱਝ ਕੇ ਚੁਣਿਆ ਹੈ ਕਿਉਂਕਿ ਇਹ ਅਮੀਰ ਵਿਰਾਸਤ, ਸੱਭਿਆਚਾਰ ਅਤੇ ਅਧਿਆਤਮਿਕਤਾ ਦੀ ਧਰਤੀ ਹੈ। ਇੱਥੇ ਇਸ ਪਵਿੱਤਰ ਦਿਹਾੜੇ ਨੂੰ ਮਨਾਉਣਾ ਸਾਡੀਆਂ ਸੱਭਿਆਚਾਰਕ ਅਤੇ ਧਾਰਮਿਕ ਜੜ੍ਹਾਂ ਪ੍ਰਤੀ ਸਾਡੇ ਡੂੰਘੇ ਸਤਿਕਾਰ ਨੂੰ ਦਰਸਾਉਂਦਾ ਹੈ।"ਆਪਣੀ ਸਰਕਾਰ ਦੀ ਸਮਾਜਿਕ ਸਦਭਾਵਨਾ ਪ੍ਰਤੀ ਵਚਨਬੱਧਤਾ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਅੱਗੇ ਕਿਹਾ, "ਸਾਡੀ ਸਰਕਾਰ ਸੂਬੇ ਵਿੱਚ ਸ਼ਾਂਤੀ, ਧਾਰਮਿਕ ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਅਸੀਂ ਮਹਾਨ ਗੁਰੂਆਂ, ਸੰਤਾਂ, ਮਹਾਤਮਾਵਾਂ ਅਤੇ ਪੈਗੰਬਰਾਂ ਦੁਆਰਾ ਦਿਖਾਏ ਸੱਚ ਦੇ ਮਾਰਗ 'ਤੇ ਚੱਲ ਰਹੇ ਹਾਂ। ਸਾਡਾ ਧਿਆਨ ਪੰਜਾਬ ਦੇ ਨੌਜਵਾਨਾਂ ਨੂੰ ਮਿਆਰੀ ਸਿੱਖਿਆ ਅਤੇ ਹੁਨਰ ਰਾਹੀਂ ਸਮਰੱਥ ਬਣਾਉਣ 'ਤੇ ਹੈ ਤਾਂ ਜੋ ਉਹ ਰੌਸ਼ਨ ਭਵਿੱਖ ਦਾ ਨਿਰਮਾਣ ਕਰ ਸਕਣ। ਪੰਜਾਬ ਦੀ ਉਪਜਾਊ ਧਰਤੀ 'ਤੇ ਕੁੱਝ ਵੀ ਉੱਗ ਸਕਦਾ ਹੈ, ਪਰ ਨਫ਼ਰਤ ਦੇ ਬੀਜ ਇਸ ਪਵਿੱਤਰ ਧਰਤੀ 'ਤੇ ਕਦੇ ਨਹੀਂ ਉੱਗ ਸਕਦੇ।"ਪੰਜਾਬ ਦੀ ਆਪਸੀ ਭਾਈਚਾਰਕ ਸਾਂਝ ਦੀ ਮਹਾਨ ਵਿਰਾਸਤ ਬਾਰੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ, "ਸਾਡੇ ਮਹਾਨ ਗੁਰੂਆਂ ਨੇ ਸਾਨੂੰ ਧਾਰਮਿਕ ਸਦਭਾਵਨਾ, ਸ਼ਾਂਤੀ ਅਤੇ ਭਾਈਚਾਰਕ ਸਾਂਝ ਦਾ ਮਾਰਗ ਦਿਖਾਇਆ ਹੈ ਅਤੇ ਪੰਜਾਬੀ ਸਾਰੇ



ਤਿਉਹਾਰ ਮਿਲ ਕੇ ਮਨਾਉਂਦੇ ਹਨ। ਭਗਵਾਨ ਸ਼ਿਵ ਦਇਆ ਅਤੇ ਕਰੁਣਾ ਦੇ ਭਗਵਾਨ ਹਨ, ਜੋ ਸ਼ਰਧਾਲੂਆਂ ਦੀ ਕਾਮ, ਕ੍ਰੋਧ, ਲੋਭ ਵਰਗੀਆਂ ਅਲਾਮਤਾਂ ਤੋਂ ਰਾਖੀ ਕਰਦੇ ਹਨ। ਭੋਲੇ ਬਾਬਾ ਆਪਣੇ ਭਗਤਾਂ 'ਤੇ ਮਿਹਰ, ਬੁੱਧੀ ਅਤੇ ਵਰਦਾਨ ਦੀ ਬਖਸ਼ਿਸ਼ ਕਰਦੇ ਹਨ। ਅਜਿਹੇ ਸਮਾਗਮਾਂ ਨੂੰ ਪਰੰਪਰਾਗਤ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਜਾਣਾ ਚਾਹੀਦਾ ਹੈ ਕਿਉਂਕਿ ਇਹ ਆਪਸੀ ਭਾਈਚਾਰਕ ਸਾਂਝ, ਦਇਆ ਅਤੇ ਭਾਵਨਾ ਨੂੰ ਵਧਾਉਂਦੇ ਹਨ, ਨਾਲ ਹੀ ਖੁਸ਼ਹਾਲੀ ਲਿਆਉਂਦੇ ਹਨ।"ਸਰਕਾਰ ਦੇ ਸਾਰੇ ਧਰਮਾਂ ਪ੍ਰਤੀ ਸਤਿਕਾਰ ਦਾ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਸੂਬਾ ਸਰਕਾਰ ਨੇ ਹਰ ਧਰਮ ਨੂੰ ਬਰਾਬਰ ਸਤਿਕਾਰ ਦਿੱਤਾ ਹੈ। ਇੱਕ ਧਰਮ ਨਿਰਪੱਖ ਸਰਕਾਰ ਵਜੋਂ, ਅਸੀਂ ਅਜਿਹੇ ਸਮਾਗਮਾਂ ਨੂੰ ਵਿਸ਼ਾਲ ਪੱਧਰ 'ਤੇ ਮਨਾਉਣ ਲਈ ਹਰ ਸੰਭਵ ਯਤਨ ਕੀਤੇ ਹਨ। ਅਸੀਂ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲੜੀਵਾਰ ਸਮਾਗਮ ਕਰਵਾਏ ਅਤੇ ਸ੍ਰੀ ਗੁਰੂ ਰਵਿਦਾਸ ਜੀ ਦੇ ਆਉਣ ਵਾਲੇ 650ਵੇਂ ਪ੍ਰਕਾਸ਼ ਪੁਰਬ ਨੂੰ ਵੀ ਵੱਡੇ ਪੱਧਰ 'ਤੇ ਮਨਾਉਣ ਲਈ ਵਿਸ਼ੇਸ਼ ਤਿਆਰੀਆਂ ਕਰ ਰਹੇ ਹਾਂ।'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਸੂਬਾ ਸਰਕਾਰ ਖੁਸ਼ਕਿਸਮਤ ਹੈ ਕਿ ਉਸ ਨੂੰ ਅਜਿਹੇ ਵਿਸ਼ਾਲ ਸਮਾਗਮਾਂ ਦਾ ਆਯੋਜਨ ਕਰਨ ਦਾ ਇਹ ਸੁਭਾਗ ਹਾਸਲ ਹੋਇਆ ਹੈ ਅਤੇ ਇਸ ਵਿੱਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਅਸੀਂ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ, ਭਗਵਾਨ ਵਾਲਮੀਕਿ ਤੀਰਥ ਸਥਲ, ਸ੍ਰੀ ਅਨੰਦਪੁਰ ਸਾਹਿਬ, ਨੈਣਾ ਦੇਵੀ ਜੀ ਅਤੇ ਹੋਰ ਪਵਿੱਤਰ ਸਥਾਨਾਂ ਦੀ ਮੁਫ਼ਤ ਯਾਤਰਾ ਕਰਨ ਦੇ ਯੋਗ ਬਣਾਉਣ ਲਈ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਸ਼ੁਰੂ ਕੀਤੀ ਸੀ। ਇਸ ਸਕੀਮ ਦਾ ਹੁਣ ਵਿਸਥਾਰ ਕਰਕੇ ਹਰਿਦੁਆਰ, ਖਾਟੂ ਸ਼ਿਆਮ ਜੀ ਮਹਾਰਾਜ, ਸਾਲਾਸਰ ਬਾਲਾਜੀ ਅਤੇ ਹੋਰ ਪਵਿੱਤਰ ਸਥਾਨਾਂ ਦੀ ਮੁਫ਼ਤ ਯਾਤਰਾ ਨੂੰ ਵੀ ਸ਼ਾਮਲ ਕੀਤਾ ਗਿਆ ਹੈ।"

## ਰੱਬਾ ਇੰਨ੍ਹੇ ਜੋਗਾ ਕਰਦੇ ਕਿ ਲੋਕ ਕਹਿਣ ਇੰਨ੍ਹੇ ਜੋਗਾ ਕਿੱਥੇ ਸੀ...

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
DRE #02114137
Simranveer Singh
Realtor
The JRP Group

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website


NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੋਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road, Suite H2-167 Modesto, CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਕਵਾਂਟਮ ਅਮਰਤਾ (ਵਿਗਿਆਨ, ਦਰਸ਼ਨ ਜਾਂ ਇੱਕ ਦਿਲਚਸਪ ਭਰਮ?)




ਮਨੁੱਖੀ ਸਭਿਆਚਾਰ ਦੇ ਆਰੰਭ ਤੋਂ ਹੀ ਮਨੁੱਖ ਇੱਕ ਅਜਿਹੇ ਪ੍ਰਸ਼ਨ ਦਾ ਉੱਤਰ ਲੱਭਣ ਦੀ ਕੋਸ਼ਿਸ਼ ਕਰਦਾ ਆਇਆ ਹੈ, ਜਿਸ ਦਾ ਜਵਾਬ ਅਜੇ ਵੀ ਰਹੱਸਵਾਦੀ ਬਣਿਆ ਹੋਇਆ ਹੈ ਮੌਤ ਤੋਂ ਬਾਅਦ ਕੀ ਹੁੰਦਾ ਹੈ? ਇਸ ਸਵਾਲ ਦਾ ਜਵਾਬ ਲੱਭਣ ਲਈ ਧਰਮ, ਦਰਸ਼ਨ ਸ਼ਾਸਤਰ ਅਤੇ ਵਿਗਿਆਨ ਨੇ ਆਪਣੇ-ਆਪਣੇ ਤਰੀਕੇ ਨਾਲ ਅਨੇਕਾਂ ਸਿਧਾਂਤ ਪੇਸ਼ ਕੀਤੇ ਹਨ। ਆਧੁਨਿਕ ਵਿਗਿਆਨ ਵਿੱਚ ਉੱਭਰੀਆਂ ਸਭ ਤੋਂ ਦਿਲਚਸਪ ਧਾਰਨਾਵਾਂ ਵਿੱਚੋਂ ਇੱਕ ਹੈ "ਕਵਾਂਟਮ ਅਮਰਤਾ"। ਇਸ ਵਿਚਾਰ ਨੇ ਵਿਗਿਆਨੀਆਂ, ਦਾਰਸ਼ਨਿਕਾਂ ਅਤੇ ਵਿਗਿਆਨਕ ਕਲਪਨਾ ਦੇ ਲੇਖਕਾਂ ਦਾ ਧਿਆਨ ਬਰਾਬਰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਹੈ। ਪਰ ਕੀ ਇਹ ਅਸਲ ਵਿੱਚ ਵਿਗਿਆਨ ਹੈ ਜਾਂ ਸਿਰਫ਼ ਕਵਾਂਟਮ ਭੌਤਿਕੀ ਦੀ ਇੱਕ ਰੋਮਾਂਚਕ ਵਿਆਖਿਆ?

ਕਵਾਂਟਮ ਅਮਰਤਾ ਕੋਈ ਸਥਾਪਿਤ ਵਿਗਿਆਨਕ ਸੱਚਾਈ ਨਹੀਂ ਹੈ। ਇਹ ਇੱਕ ਵਿਚਾਰ-ਪ੍ਰਯੋਗ ਹੈ, ਜੋ ਕਵਾਂਟਮ ਮਕੈਨਿਕਸ ਦੀ "ਮੈਨੀ ਵਰਲਡਜ਼ ਇੰਟਰਪ੍ਰੀਟੇਸ਼ਨ" ਤੋਂ ਜਨਮ ਲੈਂਦਾ ਹੈ। ਇਸ ਵਿਆਖਿਆ ਅਨੁਸਾਰ ਹਰ ਕਵਾਂਟਮ ਘਟਨਾ ਨਾਲ ਬ੍ਰਹਿਮੰਡ ਕਈ ਸੰਭਾਵਿਤ ਹਕੀਕਤਾਂ ਵਿੱਚ ਵੰਡ ਜਾਂਦਾ ਹੈ। ਭਾਵ, ਭਵਿੱਖ ਸਿਰਫ਼ ਇੱਕ ਨਹੀਂ ਹੁੰਦਾ, ਸਗੋਂ ਬੇਅੰਤ ਸੰਭਾਵਨਾਵਾਂ ਇੱਕੋ ਸਮੇਂ ਮੌਜੂਦ ਹੋ ਸਕਦੀਆਂ ਹਨ।

ਇਸ ਸਿਧਾਂਤ ਦੇ ਸਮਰੱਥਕਾਂ ਦਾ ਮੰਨਣਾ ਹੈ ਕਿ ਜਦੋਂ ਵੀ ਕੋਈ ਜੀਵਨ-ਮੌਤ ਵਾਲੀ ਸਥਿਤੀ ਪੈਦਾ ਹੁੰਦੀ ਹੈ, ਤਾਂ ਚੇਤਨਾ ਉਸੇ ਬ੍ਰਹਿਮੰਡ ਵਿੱਚ ਜਾਰੀ ਰਹਿੰਦੀ ਹੈ ਜਿੱਥੇ ਵਿਅਕਤੀ ਬੱਚ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ, ਵਿਅਕਤੀ ਆਪਣੇ ਅਨੁਭਵ ਅਨੁਸਾਰ ਕਦੇ ਆਪਣੀ ਮੌਤ ਦਾ ਅਹਿਸਾਸ ਨਹੀਂ ਕਰਦਾ, ਕਿਉਂਕਿ ਉਸ ਦੀ ਚੇਤਨਾ ਹਮੇਸ਼ਾਂ ਉਸ ਹਕੀਕਤ ਵਿੱਚ ਅੱਗੇ ਵੱਧਦੀ ਹੈ ਜਿੱਥੇ ਉਹ ਜੀਵਿਤ ਰਹਿੰਦਾ ਹੈ। ਹਾਲਾਂਕਿ ਕਿਸੇ ਹੋਰ ਸਮਾਨਾਂਤਰ ਬ੍ਰਹਿਮੰਡ ਵਿੱਚ ਲੋਕ ਉਸ ਦੀ ਮੌਤ ਦੇ ਗਵਾਹ ਹੋ ਸਕਦੇ ਹਨ।

ਇਹ ਵਿਚਾਰ ਸੁਣਨ ਵਿੱਚ ਜਿੰਨਾ ਅਦਭੁੱਤ ਲੱਗਦਾ ਹੈ, ਉਹਨਾਂ ਹੀ ਅਨੁਮਾਨਾਂ 'ਤੇ ਆਧਾਰਿਤ ਵੀ ਹੈ। ਅਜੇ ਤੱਕ ਕੋਈ ਵੀ ਪ੍ਰਯੋਗਾਤਮਕ ਸਬੂਤ ਇਹ ਸਾਬਤ ਨਹੀਂ ਕਰ ਸਕਿਆ ਕਿ ਸਮਾਨਾਂਤਰ ਬ੍ਰਹਿਮੰਡਾਂ ਦੀ ਹੋਂਦ ਹੈ ਜਾਂ ਮਨੁੱਖੀ ਚੇਤਨਾ ਇੱਕ ਬ੍ਰਹਿਮੰਡ ਤੋਂ ਦੂਜੇ ਵਿੱਚ ਜਾ ਸਕਦੀ ਹੈ। ਇਸੇ ਲਈ ਜ਼ਿਆਦਾਤਰ ਭੌਤਿਕ ਵਿਗਿਆਨੀ ਕਵਾਂਟਮ ਅਮਰਤਾ ਨੂੰ ਵਿਗਿਆਨਕ ਸੱਚਾਈ ਦੀ ਬਜਾਏ ਇੱਕ ਦਿਲਚਸਪ ਦਾਰਸ਼ਨਿਕ ਸੰਭਾਵਨਾ ਮੰਨਦੇ ਹਨ।

ਇਸ ਧਾਰਨਾ ਦੀ ਲੋਕਪ੍ਰਿਯਤਾ ਦਾ ਇੱਕ ਕਾਰਨ ਇਹ ਵੀ ਹੈ ਕਿ ਇਹ ਮਨੁੱਖੀ ਚੇਤਨਾ ਦੀ ਸਮਝ ਨੂੰ ਚੁਣੌਤੀ ਦਿੰਦੀ ਹੈ। ਅੱਜ ਵੀ ਵਿਗਿਆਨ ਇਹ ਪੂਰੀ ਤਰ੍ਹਾਂ ਨਹੀਂ ਸਮਝ ਸਕਿਆ ਕਿ ਚੇਤਨਾ ਮਨੁੱਖੀ ਦਿਮਾਗ ਵਿੱਚ ਕਿਵੇਂ ਪੈਦਾ ਹੁੰਦੀ ਹੈ। ਜਦੋਂ ਤੱਕ ਇਸ ਮੂਲ ਪ੍ਰਸ਼ਨ ਦਾ ਜਵਾਬ ਨਹੀਂ ਮਿਲਦਾ, ਤਦ ਤੱਕ ਚੇਤਨਾ ਨੂੰ ਕਵਾਂਟਮ ਭੌਤਿਕੀ ਨਾਲ ਜੋੜਨਾ ਕੇਵਲ ਇੱਕ ਸਿਧਾਂਤ ਹੀ ਰਹੇਗਾ।

ਮਨੋਵਿਗਿਆਨਕ ਪੱਖ ਤੋਂ ਵੇਖਿਆ ਜਾਵੇ ਤਾਂ ਕਵਾਂਟਮ ਅਮਰਤਾ ਮਨੁੱਖ ਦੀ ਸਭ ਤੋਂ ਮਜ਼ਬੂਤ ਪ੍ਰਵਿਰਤੀ ਜੀਉਂਦੇ ਰਹਿਣ ਦੀ ਇੱਛਾ ਨੂੰ ਸੰਬੋਧਿਤ ਕਰਦੀ ਹੈ। ਮੌਤ ਦਾ ਡਰ ਮਨੁੱਖੀ ਮਨ ਵਿੱਚ ਡੂੰਘਾਈ ਨਾਲ ਵੱਸਿਆ ਹੋਇਆ ਹੈ। ਇਸ ਲਈ ਕੋਈ ਵੀ ਅਜਿਹਾ ਸਿਧਾਂਤ ਜੋ ਇਹ ਸੰਕੇਤ ਦੇਵੇ ਕਿ ਸ਼ਾਇਦ ਮੌਤ ਦਾ ਅਨੁਭਵ ਕਦੇ ਨਹੀਂ ਹੋਵੇਗਾ, ਲੋਕਾਂ ਨੂੰ ਸੁਭਾਵਿਕ ਤੌਰ 'ਤੇ ਆਪਣੇ ਵੱਲ ਖਿੱਚਦਾ ਹੈ। ਪਰ ਮਨੋਵਿਗਿਆਨਕ ਆਕਰਸ਼ਣ ਨੂੰ ਕਦੇ ਵੀ ਵਿਗਿਆਨਕ ਸਬੂਤ ਨਹੀਂ ਮੰਨਿਆ ਜਾ ਸਕਦਾ।

ਇਸ ਧਾਰਨਾ ਦਾ ਇੱਕ ਹੋਰ ਪੱਖ ਇਸ ਦੀ ਗਲਤ ਵਿਆਖਿਆ ਹੈ। ਕੁਝ ਲੋਕ ਇਹ ਮੰਨ ਲੈਂਦੇ ਹਨ ਕਿ ਕਵਾਂਟਮ ਅਮਰਤਾ ਦਾ ਅਰਥ ਹੈ ਕਿ ਮਨੁੱਖ ਕਿਸੇ ਵੀ ਹਾਲਤ ਵਿੱਚ ਨਹੀਂ ਮਰ ਸਕਦਾ। ਇਹ ਨਾ ਸਿਰਫ਼ ਵਿਗਿਆਨਕ ਤੌਰ 'ਤੇ ਗਲਤ ਹੈ, ਸਗੋਂ ਬਹੁਤ ਖ਼ਤਰਨਾਕ ਵੀ ਹੈ। ਇਸ ਵਿਚਾਰ ਨੂੰ ਕਦੇ ਵੀ ਜੋਖ਼ਿਮ ਭਰੇ ਜਾਂ ਲਾਪਰਵਾਹ ਵਿਉਹਾਰ ਦਾ ਆਧਾਰ ਨਹੀਂ ਬਣਾਇਆ ਜਾਣਾ ਚਾਹੀਦਾ।

ਇਹ ਸੱਚ ਹੈ ਕਿ ਕਵਾਂਟਮ ਮਕੈਨਿਕਸ ਨੇ ਸੂਖਮ ਕਣਾਂ ਦੇ ਵਿਉਹਾਰ ਨੂੰ ਸਮਝਣ ਵਿੱਚ ਅਦਭੁੱਤ ਸਫ਼ਲਤਾ ਹਾਸਲ ਕੀਤੀ ਹੈ ਅਤੇ ਇਸ ਦੇ ਆਧਾਰ 'ਤੇ ਸੈਮੀਕੰਡਕਟਰ, ਲੇਜ਼ਰ ਅਤੇ ਕਵਾਂਟਮ ਕੰਪਿਊਟਿੰਗ ਵਰਗੀਆਂ ਕ੍ਰਾਂਤੀਕਾਰੀ ਤਕਨੀਕਾਂ ਵਿਕਸਿਤ ਹੋਈਆਂ ਹਨ। ਪਰ ਇਨ੍ਹਾਂ ਸਿਧਾਂਤਾਂ ਨੂੰ ਸਿੱਧੇ ਤੌਰ 'ਤੇ ਮਨੁੱਖੀ ਚੇਤਨਾ ਜਾਂ ਅਮਰਤਾ ਨਾਲ ਜੋੜਨਾ ਮੌਜੂਦਾ ਵਿਗਿਆਨਕ ਸਬੂਤਾਂ ਤੋਂ ਕਾਫ਼ੀ ਅੱਗੇ ਦੀ ਗੱਲ ਹੈ।

ਦਾਰਸ਼ਨਿਕ ਪੱਖ ਤੋਂ ਕਵਾਂਟਮ ਅਮਰਤਾ ਕਈ ਡੂੰਘੇ ਪ੍ਰਸ਼ਨ ਖੜ੍ਹੇ ਕਰਦੀ ਹੈ। ਜੇਕਰ ਸਾਡੇ ਅਨੇਕਾਂ ਰੂਪ ਵੱਖ-ਵੱਖ ਬ੍ਰਹਿਮੰਡਾਂ ਵਿੱਚ ਮੌਜੂਦ ਹਨ, ਤਾਂ ਅਸਲ "ਮੈਂ" ਕੌਣ ਹਾਂ?

ਕੀ ਸਾਡੀ ਪਛਾਣ ਸਿਰਫ਼ ਬੇਅੰਤ ਸੰਭਾਵਨਾਵਾਂ ਵਿੱਚੋਂ ਇੱਕ ਹੈ? ਕੀ ਚੇਤਨਾ ਸਰੀਰ ਅਤੇ ਦਿਮਾਗ ਤੋਂ ਸੁਤੰਤਰ ਤੌਰ 'ਤੇ ਵੀ ਮੌਜੂਦ ਰਹਿ ਸਕਦੀ ਹੈ? ਇਹ ਸਾਰੇ ਪ੍ਰਸ਼ਨ ਅਜੇ ਵੀ ਖ਼ੋਜ ਅਤੇ ਵਿਚਾਰ-ਵਟਾਂਦਰੇ ਦਾ ਵਿਸ਼ਾ ਹਨ।

ਧਾਰਮਿਕ ਪਰੰਪਰਾਵਾਂ ਵੀ ਮੌਤ ਤੋਂ ਬਾਅਦ ਦੇ ਜੀਵਨ ਬਾਰੇ ਵੱਖ-ਵੱਖ ਵਿਚਾਰ ਪੇਸ਼ ਕਰਦੀਆਂ ਹਨ। ਕਈ ਧਰਮ ਆਤਮਾ ਦੀ ਅਮਰਤਾ, ਪੁਨਰਜਨਮ ਜਾਂ ਸਦੀਵੀ ਪਰਲੋਕ ਵਿੱਚ ਵਿਸ਼ਵਾਸ ਰੱਖਦੇ ਹਨ। ਪਰ ਕਵਾਂਟਮ ਅਮਰਤਾ ਇਨ੍ਹਾਂ ਧਾਰਨਾਵਾਂ ਤੋਂ ਵੱਖਰੀ ਹੈ, ਕਿਉਂਕਿ ਇਹ ਅਧਿਆਤਮਿਕ ਵਿਸ਼ਵਾਸਾਂ ਦੀ ਬਜਾਏ ਕਵਾਂਟਮ ਭੌਤਿਕੀ ਦੀ ਇੱਕ ਵਿਆਖਿਆ 'ਤੇ ਆਧਾਰਿਤ ਹੈ।

ਆਧੁਨਿਕ ਨਿਊਰੋਸਾਇੰਸ ਇਸ ਵਿਸ਼ੇ 'ਤੇ ਹੋਰ ਵੀ ਸਾਵਧਾਨ ਰਵੱਈਆ ਅਪਣਾਉਂਦੀ ਹੈ। ਵਿਗਿਆਨਕ ਖੋਜਾਂ ਦਰਸਾਉਂਦੀਆਂ ਹਨ ਕਿ ਚੇਤਨਾ ਅਤੇ ਦਿਮਾਗੀ ਕਿਰਿਆਵਾਂ ਦਾ ਆਪਸੀ ਸੰਬੰਧ ਬਹੁਤ ਗੂੜ੍ਹਾ ਹੈ। ਜਦੋਂ ਦਿਮਾਗ ਦੀ ਕਿਰਿਆ ਸਥਾਈ ਤੌਰ 'ਤੇ ਬੰਦ ਹੋ ਜਾਂਦੀ ਹੈ, ਤਾਂ ਮੌਜੂਦਾ ਡਾਕਟਰੀ ਸਬੂਤਾਂ ਅਨੁਸਾਰ ਚੇਤਨਾ ਵੀ ਸਮਾਪਤ ਹੋ ਜਾਂਦੀ ਹੈ। ਅਜੇ ਤੱਕ ਕੋਈ ਅਜਿਹਾ ਵਿਗਿਆਨਕ ਅਧਿਐਨ ਸਾਹਮਣੇ ਨਹੀਂ ਆਇਆ ਜੋ ਇਹ ਸਾਬਤ ਕਰ ਸਕੇ ਕਿ ਜੀਵ-ਵਿਗਿਆਨਕ ਮੌਤ ਤੋਂ ਬਾਅਦ ਚੇਤਨਾ ਕਿਸੇ ਹੋਰ ਬ੍ਰਹਿਮੰਡ ਵਿੱਚ ਜਾਰੀ ਰਹਿੰਦੀ ਹੈ।

ਫਿਰ ਵੀ, ਵਿਗਿਆਨ ਦੀ ਤਰੱਕੀ ਹਮੇਸ਼ਾਂ ਨਵੇਂ ਅਤੇ ਸਾਹਸੀ ਵਿਚਾਰਾਂ ਨਾਲ ਹੀ ਹੋਈ ਹੈ। ਕਈ ਅਜਿਹੇ ਵਿਚਾਰ, ਜੋ ਕਦੇ ਅਸੰਭਵ ਮੰਨੇ ਜਾਂਦੇ ਸਨ, ਬਾਅਦ ਵਿੱਚ ਸਬੂਤਾਂ ਦੇ ਆਧਾਰ 'ਤੇ ਸਵੀਕਾਰ ਕੀਤੇ ਗਏ। ਇਸ ਲਈ ਕਵਾਂਟਮ ਅਮਰਤਾ ਨੂੰ ਸਿਰਫ਼ ਇਸ ਲਈ ਰੱਦ ਨਹੀਂ ਕੀਤਾ ਜਾ ਸਕਦਾ ਕਿ ਇਹ ਅਸਾਧਾਰਣ ਲੱਗਦੀ ਹੈ। ਪਰ ਇਹ ਵੀ ਉਤਨਾ ਹੀ ਸੱਚ ਹੈ ਕਿ ਅਸਾਧਾਰਣ ਦਾਅਵਿਆਂ ਲਈ ਅਸਾਧਾਰਣ ਸਬੂਤਾਂ ਦੀ ਲੋੜ ਹੁੰਦੀ ਹੈ।

ਜਦੋਂ ਤੱਕ ਅਜਿਹੇ ਸਬੂਤ ਨਹੀਂ ਮਿਲਦੇ, ਇਸ ਨੂੰ ਇੱਕ ਦਿਲਚਸਪ ਪਰਿਕਲਪਨਾ ਹੀ ਮੰਨਿਆ ਜਾਣਾ ਚਾਹੀਦਾ ਹੈ।

ਇਹ ਵਿਚਾਰ ਸਾਨੂੰ ਇੱਕ ਹੋਰ ਮਹੱਤਵਪੂਰਨ ਸਬਕ ਵੀ ਸਿਖਾਉਂਦਾ ਹੈ। ਮੌਤ ਤੋਂ ਬਾਅਦ ਕੀ ਹੁੰਦਾ ਹੈ, ਇਸ ਬਾਰੇ ਨਿਸ਼ਚਿਤ ਜਵਾਬ ਲੱਭਣ ਦੀ ਬਜਾਏ ਮਨੁੱਖ ਲਈ ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਉਹ ਆਪਣਾ ਮੌਜੂਦਾ ਜੀਵਨ ਅਰਥਪੂਰਨ, ਦਇਆਲੂ ਅਤੇ ਉਦੇਸ਼ਪੂਰਨ ਬਣਾਏ। ਚਾਹੇ ਚੇਤਨਾ ਮੌਤ ਨਾਲ ਸਮਾਪਤ ਹੋ ਜਾਵੇ, ਅਧਿਆਤਮਿਕ ਰੂਪ ਵਿੱਚ ਜਾਰੀ ਰਹੇ ਜਾਂ ਕਿਸੇ ਅਣਜਾਣ ਭੌਤਿਕ ਪ੍ਰਕਿਰਿਆ ਰਾਹੀਂ ਅੱਗੇ ਵਧੇ—ਸਭ ਤੋਂ ਵੱਧ ਮਹੱਤਵ ਸਾਡੇ ਮੌਜੂਦਾ ਕਰਮਾਂ ਦਾ ਹੀ ਹੈ।

ਕਵਾਂਟਮ ਅਮਰਤਾ ਆਧੁਨਿਕ ਕਵਾਂਟਮ ਭੌਤਿਕੀ ਦੀਆਂ ਸਭ ਤੋਂ ਰੌਚਕ ਧਾਰਨਾਵਾਂ ਵਿੱਚੋਂ ਇੱਕ ਹੈ। ਇਹ ਵਿਗਿਆਨ, ਦਰਸ਼ਨ ਸ਼ਾਸਤਰ ਅਤੇ ਮਨੋਵਿਗਿਆਨ ਨੂੰ ਇੱਕ ਅਜਿਹੇ ਵਿਚਾਰ ਵਿੱਚ ਜੋੜਦੀ ਹੈ ਜੋ ਮਨੁੱਖ ਨੂੰ ਆਪਣੀ ਹੋਂਦ ਬਾਰੇ ਡੂੰਘਾਈ ਨਾਲ ਸੋਚਣ ਲਈ ਪ੍ਰੇਰਿਤ ਕਰਦਾ ਹੈ। ਪਰ ਮੌਜੂਦਾ ਸਮੇਂ ਤੱਕ ਇਸ ਦੇ ਹੱਕ ਵਿੱਚ ਕੋਈ ਭਰੋਸੇਯੋਗ ਵਿਗਿਆਨਕ ਸਬੂਤ ਉਪਲੱਬਧ ਨਹੀਂ ਹਨ। ਇਸ ਲਈ ਇਸ ਨੂੰ ਸਥਾਪਿਤ ਵਿਗਿਆਨਕ ਸਿਧਾਂਤ ਦੀ ਬਜਾਏ ਇੱਕ ਦਿਲਚਸਪ ਬੌਧਿਕ ਕਲਪਨਾ ਵਜੋਂ ਹੀ ਦੇਖਣਾ ਚਾਹੀਦਾ ਹੈ।ਸ਼ਾਇਦ ਕਵਾਂਟਮ ਅਮਰਤਾ ਦਾ ਸਭ ਤੋਂ ਵੱਡਾ ਸੰਦੇਸ਼ ਇਹ ਨਹੀਂ ਕਿ ਮਨੁੱਖ ਕਦੇ ਨਹੀਂ ਮਰਦਾ, ਸਗੋਂ ਇਹ ਹੈ ਕਿ ਚੇਤਨਾ ਅਤੇ ਬ੍ਰਹਿਮੰਡ ਦੇ ਰਹੱਸ ਅਜੇ ਵੀ ਸਾਡੀ ਸਮਝ ਤੋਂ ਕਿਤੇ ਵੱਧ ਡੂੰਘੇ ਹਨ। ਵਿਗਿਆਨ ਦੀ ਅਸਲ ਤਾਕਤ ਤੱਥਾਂ ਦੀ ਨਿਰਪੱਖ ਜਾਂਚ ਅਤੇ ਠੋਸ ਸਬੂਤਾਂ ਵਿੱਚ ਹੈ, ਨਾ ਕਿ ਇੱਛਾਵਾਂ ਜਾਂ ਕਲਪਨਾਵਾਂ ਵਿੱਚ। ਜਦੋਂ ਤੱਕ ਮਜ਼ਬੂਤ ਵਿਗਿਆਨਕ ਸਬੂਤ ਉਪਲੱਬਧ ਨਹੀਂ ਹੁੰਦੇ, ਤਦ ਤੱਕ ਕਵਾਂਟਮ ਅਮਰਤਾ ਨੂੰ ਇੱਕ ਰੌਚਕ ਵਿਚਾਰ ਵਜੋਂ ਹੀ ਮੰਨਣਾ ਚਾਹੀਦਾ ਹੈ, ਜੋ ਸਾਨੂੰ ਹਕੀਕਤ ਬਾਰੇ ਨਵੇਂ ਪ੍ਰਸ਼ਨ ਪੁੱਛਣ ਲਈ ਪ੍ਰੇਰਿਤ ਕਰਦਾ ਹੈ, ਪਰ ਨਾਲ ਹੀ ਵਿਗਿਆਨਕ ਸੋਚ ਨਾਲ ਜੁੜੇ ਰਹਿਣ ਦੀ ਵੀ ਸਿੱਖਿਆ ਦਿੰਦਾ ਹੈ।

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148





ਕਈ ਵੀਰਾਂ ਦੇ
**LICENSE CANCEL**
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP
**GHUMAN LAW GROUP INC.**
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

# ਭਾਰਤ ਅਤੇ ਗ੍ਰੀਸ ਨੇ ਦੋਵਾਂ ਹਵਾਈ ਸੈਨਾਵਾਂ ਵਿਚਕਾਰ ਚੱਲ ਰਹੇ ਸਹਿਯੋਗ ਅਤੇ ਸਾਂਝੀਆਂ ਗਤੀਵਿਧੀਆਂ 'ਤੇ ਕੀਤੀ ਚਰਚਾ

**ਐਥਨਜ਼**
**ਸਾਂਝੀ ਸੋਚ ਬਿਊਰੋ**

ਯੂਨਾਨ ਵਿੱਚ ਭਾਰਤ ਦੇ ਰਾਜਦੂਤ ਰਵੀ ਸ਼ੰਕਰ ਨੇ ਮੰਗਲਵਾਰ ਨੂੰ ਹੇਲੇਨਿਕ ਹਵਾਈ ਸੈਨਾ ਦੇ ਜਨਰਲ ਸਟਾਫ ਦੇ ਮੁਖੀ ਲੈਫਟੀਨੈਂਟ ਜਨਰਲ ਡੈਮੋਸਥੇਨੇਸ ਗ੍ਰਿਗੋਰੀਆਡਿਸ ਨਾਲ ਮੁਲਾਕਾਤ ਕੀਤੀ ਅਤੇ ਦੋਵਾਂ ਹਵਾਈ ਸੈਨਾਵਾਂ ਵਿਚਕਾਰ ਸਹਿਯੋਗ ਅਤੇ ਸਾਂਝੀਆਂ ਗਤੀਵਿਧੀਆਂ 'ਤੇ ਚੱਲ ਰਹੀਆਂ ਪਹਿਲਕਦਮੀਆਂ 'ਤੇ ਚਰਚਾ ਕੀਤੀ। ਗ੍ਰੀਸ ਵਿੱਚ ਭਾਰਤੀ ਦੂਤਾਵਾਸ ਦੇ ਅਨੁਸਾਰ, ਹੇਲੇਨਿਕ ਹਵਾਈ ਸੈਨਾ ਦੁਆਰਾ ਆਯੋਜਿਤ ਇੱਕ ਪ੍ਰਮੁੱਖ ਸਾਲਾਨਾ ਬਹੁ-ਰਾਸ਼ਟਰੀ ਹਵਾਈ ਲੜਾਈ ਸਿਖਲਾਈ ਅਭਿਆਸ-INIOCHOS ਵਿੱਚ ਭਾਰਤ ਦੀ ਭਾਗੀਦਾਰੀ ਅਤੇ ਭਾਰਤੀ ਹਵਾਈ ਸੈਨਾ ਦੇ ਸਭ ਤੋਂ ਵੱਡੇ ਦੋ-ਸਾਲਾ ਬਹੁ-ਰਾਸ਼ਟਰੀ ਹਵਾਈ ਲੜਾਈ ਅਭਿਆਸ-ਤਰੰਗ ਸ਼ਕਤੀ ਵਿੱਚ ਗ੍ਰੀਸ ਦੀ ਭਾਗੀਦਾਰੀ ਨੇ ਆਪਸੀ ਸਮਝ ਅਤੇ ਸਾਂਝੇਦਾਰੀ ਨੂੰ ਉਤਸ਼ਾਹਿਤ ਕੀਤਾ ਹੈ।

"ਰਾਜਦੂਤ ਰਵੀ ਸ਼ੰਕਰ ਨੇ ਹੇਲੇਨਿਕ ਏਅਰ ਫੋਰਸ ਜਨਰਲ ਸਟਾਫ ਦੇ ਮੁਖੀ ਲੈਫਟੀਨੈਂਟ ਜਨਰਲ ਡੈਮੋਸਥੇਨੇਸ ਗ੍ਰਿਗੋਰੀਆਡਿਸ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਸਾਡੇ ਦੋਵਾਂ ਹਵਾਈ ਸੈਨਾਵਾਂ ਵਿਚਕਾਰ ਸਹਿਯੋਗ ਦੀਆਂ ਚੱਲ ਰਹੀਆਂ ਪਹਿਲਕਦਮੀਆਂ 'ਤੇ ਚਰਚਾ ਕੀਤੀ। INIOCHOS ਅਤੇ ਗ੍ਰੀਸ ਦੀ ਤਰੰਗ ਸ਼ਕਤੀ ਵਿੱਚ ਭਾਰਤ ਦੀ ਭਾਗੀਦਾਰੀ ਨੇ ਆਪਸੀ ਸਮਝ ਅਤੇ ਸਾਂਝੇਦਾਰੀ ਨੂੰ ਉਤਸ਼ਾਹਿਤ ਕੀਤਾ ਹੈ, ਦੂਤਾਵਾਸ ਨੇ ਐਕਸ 'ਤੇ ਲਿਖਿਆ। ਭਾਰਤੀ ਰਾਜਦੂਤ ਨੇ ਪੱਛਮੀ ਮਨੀ ਖੇਤਰ ਦੇ ਮੇਅਰ ਜਿਓਰਗੋਸ ਚਿਓਰਗੋਸ ਨਾਲ ਵੀ ਮੁਲਾਕਾਤ ਕੀਤੀ ਅਤੇ ਭਾਰਤ ਤੋਂ ਕਾਰਜਬਲ ਦੇ ਸੰਬੰਧ ਵਿੱਚ ਪੱਛਮੀ ਮਨੀ ਖੇਤਰ ਨਾਲ ਸੰਭਾਵੀ ਸਹਿਯੋਗ ਦੇ ਖੇਤਰਾਂ 'ਤੇ ਚਰਚਾ ਕੀਤੀ। "ਰਾਜਦੂਤ ਰਵੀ ਸ਼ੰਕਰ ਨੇ ਪੱਛਮੀ ਮਨੀ ਖੇਤਰ ਦੇ ਮੇਅਰ ਜਿਓਰਗੋਸ ਚਿਓਰਗੋਸ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਪੱਛਮੀ ਮਨੀ ਖੇਤਰ ਨਾਲ ਸੰਭਾਵੀ ਸਹਿਯੋਗ ਦੇ ਖੇਤਰਾਂ 'ਤੇ ਚਰਚਾ ਕੀਤੀ, ਜਿਵੇਂ ਕਿ ਭਾਰਤ ਤੋਂ ਪਰਾਹੁਣਚਾਰੀ, ਨਿਰਮਾਣ ਅਤੇ ਖੇਤੀਬਾੜੀ ਖੇਤਰ ਵਿੱਚ ਕਾਰਜਬਲ। ਸੈਰ-ਸਪਾਟਾ, ਆਉਣ ਵਾਲਾ ਅਤੇ ਬਾਹਰ ਜਾਣ ਵਾਲਾ, ਇੱਕ ਹੋਰ ਵਾਅਦਾ ਕਰਨ ਵਾਲਾ ਖੇਤਰ ਹੈ," ਦੂਤਾਵਾਸ ਨੇ ਕਿਹਾ। ਵਿਦੇਸ਼ ਮੰਤਰਾਲੇ ਦੇ ਅਨੁਸਾਰ, ਭਾਰਤ ਦੇ ਰਵਾਇਤੀ ਤੌਰ 'ਤੇ ਗ੍ਰੀਸ ਨਾਲ ਦੋਸਤਾਨਾ ਦੁਵੱਲੇ ਸਬੰਧ ਰਹੇ ਹਨ। ਇਹ ਮੁੱਖ ਤੌਰ 'ਤੇ ਅੰਤਰਰਾਸ਼ਟਰੀ ਪੱਧਰ 'ਤੇ ਮੁੱਖ ਅਹੁਦਿਆਂ 'ਤੇ ਹਰੇਕ ਦੇਸ਼ ਦੁਆਰਾ ਇੱਕ ਦੂਜੇ ਲਈ ਦਿਖਾਏ ਗਏ ਰਾਜਨੀਤਿਕ ਸਮਰਥਨ ਦੁਆਰਾ ਦਰਸਾਇਆ ਗਿਆ ਹੈ। ਸਾਲਾਂ ਦੌਰਾਨ, ਦੋਵਾਂ ਦੇਸ਼ਾਂ ਦੇ ਸੀਨੀਅਰ ਰਾਜਨੀਤਿਕ ਨੇਤਾਵਾਂ ਵਿਚਕਾਰ ਨੇੜਲੇ ਨਿੱਜੀ ਸਬੰਧ ਵੀ ਬਣੇ ਹਨ।



# ਵਿਦੇਸ਼ ਮੰਤਰੀ ਜੈਸ਼ੰਕਰ ਨੇ ਜਰਮਨ ਰਾਜਦੂਤ ਫਿਲਿਪ ਐਕਰਮੈਨ ਨਾਲ ਕੀਤੀ ਮੁਲਾਕਾਤ

**ਨਵੀਂ ਦਿੱਲੀ**
**ਸਾਂਝੀ ਸੋਚ ਬਿਊਰੋ**

ਵਿਦੇਸ਼ ਮੰਤਰੀ (ਈਏਐਮ) ਐਸ. ਜੈਸ਼ੰਕਰ ਨੇ ਬੁੱਧਵਾਰ ਨੂੰ ਜਰਮਨ ਰਾਜਦੂਤ ਫਿਲਿਪ ਐਕਰਮੈਨ ਨੂੰ ਮੁਲਾਕਾਤ ਉਪਰੰਤ ਵਿਦਾਇਗੀ ਦਿੱਤੀ, ਭਾਰਤ-ਜਰਮਨੀ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਭਵਿੱਖ ਦੇ ਕਾਰਜਾਂ ਵਿੱਚ ਸਫਲਤਾ ਦੀ ਕਾਮਨਾ ਕੀਤੀ। ਐਕਸ 'ਤੇ ਮੁਲਾਕਾਤ ਦੇ ਵੇਰਵੇ ਸਾਂਝੇ ਕਰਦੇ ਹੋਏ, ਵਿਦੇਸ਼ ਮੰਤਰੀ ਜੈਸ਼ੰਕਰ ਨੇ ਕਿਹਾ, ਜਰਮਨ ਰਾਜਦੂਤ ਫਿਲਿਪ ਐਕਰਮੈਨ ਨੂੰ ਵਿਦਾਇਗੀ ਮੁਲਾਕਾਤ ਲਈ ਪ੍ਰਾਪਤ ਕਰਕੇ ਖੁਸ਼ੀ ਹੋਈ। ਉਨ੍ਹਾਂ ਅੱਗੇ ਲਿਖਿਆ, "ਭਾਰਤ-ਜਰਮਨ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਦੇ ਕੀਮਤੀ ਯੋਗਦਾਨ ਦੀ ਸ਼ਲਾਘਾ ਕੀਤੀ। ਭਵਿੱਖ ਦੇ ਯਤਨਾਂ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ।" ਇਹ ਉਦੋਂ ਆਇਆ ਹੈ ਜਦੋਂ ਭਾਰਤ ਅਤੇ ਜਰਮਨੀ ਆਪਣੀ ਵਧਦੀ ਦੁਵੱਲੀ ਭਾਈਵਾਲੀ ਦੇ ਤਹਿਤ ਰਣਨੀਤਕ, ਆਰਥਿਕ, ਤਕਨੀਕੀ ਅਤੇ ਕੂਟਨੀਤਕ ਖੇਤਰਾਂ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨਾ ਜਾਰੀ ਰੱਖਦੇ ਹਨ। ਭਾਰਤ ਵਿੱਚ ਜਰਮਨ ਮਿਸ਼ਨਾਂ ਦੀ ਅਧਿਕਾਰਤ ਵੈੱਬਸਾਈਟ ਦੇ ਅਨੁਸਾਰ, ਐਕਰਮੈਨ ਨੇ ਬੌਨ, ਹਾਈਡਲਬਰਗ ਅਤੇ ਉਟਰੇਕਟ ਦੀਆਂ ਯੂਨੀਵਰਸਿਟੀਆਂ ਵਿੱਚ ਕਲਾ ਇਤਿਹਾਸ ਅਤੇ ਅਰਥ ਸ਼ਾਸਤਰ ਦਾ ਅਧਿਐਨ ਕੀਤਾ। ਉਸਨੇ 1993 ਵਿੱਚ ਕਲਾ ਇਤਿਹਾਸ ਵਿੱਚ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਉਸੇ ਸਾਲ ਬਾਅਦ ਵਿੱਚ ਜਰਮਨ ਵਿਦੇਸ਼ ਸੇਵਾ ਵਿੱਚ ਸ਼ਾਮਲ ਹੋਇਆ। ਆਪਣੇ ਕੂਟਨੀਤਕ ਕੈਰੀਅਰ ਦੇ ਦੌਰਾਨ, ਐਕਰਮੈਨ ਨੇ ਕਈ ਮਹੱਤਵਪੂਰਨ ਕਾਰਜਾਂ ਵਿੱਚ ਸੇਵਾ ਨਿਭਾਈ ਹੈ, ਜਿਸ ਵਿੱਚ ਰਬਾਤ, ਮੋਰੋਕੋ ਵਿੱਚ ਪੋਸਟਿੰਗ ਅਤੇ ਨਿਊਯਾਰਕ ਵਿੱਚ ਸੰਯੁਕਤ ਰਾਸ਼ਟਰ ਲਈ ਜਰਮਨੀ ਦੇ ਸਥਾਈ ਮਿਸ਼ਨ ਵਿੱਚ ਸ਼ਾਮਲ ਹਨ। 2006 ਅਤੇ 2007 ਦੇ ਵਿਚਕਾਰ, ਉਸਨੇ ਕੁੰਦੂਜ਼, ਅਫਗਾਨਿਸਤਾਨ ਵਿੱਚ ਜਰਮਨ ਸੂਬਾਈ ਪੁਨਰ ਨਿਰਮਾਣ ਟੀਮ ਦੀ ਅਗਵਾਈ ਕੀਤੀ। ਉਸਨੇ ਬਾਅਦ ਵਿੱਚ 2007 ਤੋਂ 2010 ਤੱਕ ਨਵੀਂ ਦਿੱਲੀ ਵਿੱਚ ਜਰਮਨ ਦੂਤਾਵਾਸ ਵਿੱਚ ਰਾਜਨੀਤਿਕ ਸਲਾਹਕਾਰ ਵਜੋਂ ਸੇਵਾ ਨਿਭਾਈ, ਜੋ ਕਿ ਭਾਰਤ ਵਿੱਚ ਉਨ੍ਹਾਂ ਦੇ ਪਹਿਲੇ ਕੂਟਨੀਤਕ ਕਾਰਜਾਂ ਵਿੱਚੋਂ ਇੱਕ ਸੀ। ਬਰਲਿਨ ਵਿੱਚ ਆਪਣੇ ਕਾਰਜਕਾਲ ਦੌਰਾਨ, ਐਕਰਮੈਨ ਨੇ 2002 ਅਤੇ 2006 ਦੇ ਵਿਚਕਾਰ ਸਾਬਕਾ ਜਰਮਨ ਵਿਦੇਸ਼ ਮੰਤਰੀ ਜੋਸ਼ਕਾ ਫਿਸ਼ਰ ਅਤੇ ਫਰੈਂਕ-ਵਾਲਟਰ ਸਟਾਈਨਮੀਅਰ ਦੇ ਦਫਤਰਾਂ ਵਿੱਚ ਕੰਮ ਕੀਤਾ। 2010 ਤੋਂ 2014 ਤੱਕ, ਉਸਨੇ ਸੰਘੀ ਵਿਦੇਸ਼ ਦਫਤਰ ਵਿੱਚ ਅਫਗਾਨਿਸਤਾਨ-ਪਾਕਿਸਤਾਨ ਟਾਸਕ ਫੋਰਸ ਦੇ ਮੁਖੀ ਵਜੋਂ ਸੇਵਾ ਨਿਭਾਈ ਅਤੇ ਅਫਗਾਨਿਸਤਾਨ ਅਤੇ ਪਾਕਿਸਤਾਨ ਲਈ ਡਿਪਟੀ ਵਿਸ਼ੇਸ਼ ਪ੍ਰਤੀਨਿਧੀ ਦਾ ਅਹੁਦਾ ਵੀ ਸੰਭਾਲਿਆ। ਐਕਰਮੈਨ ਨੇ ਬਾਅਦ ਵਿੱਚ 2014 ਤੋਂ 2016 ਤੱਕ ਵਾਸ਼ਿੰਗਟਨ ਵਿੱਚ ਜਰਮਨ ਦੂਤਾਵਾਸ ਵਿੱਚ ਡਿਪਟੀ ਹੈੱਡ ਆਫ਼ ਮਿਸ਼ਨ ਵਜੋਂ ਸੇਵਾ ਨਿਭਾਈ। ਭਾਰਤ ਵਿੱਚ ਜਰਮਨੀ ਦੇ ਰਾਜਦੂਤ ਵਜੋਂ ਅਹੁਦਾ ਸੰਭਾਲਣ ਤੋਂ ਪਹਿਲਾਂ, ਉਸਨੇ ਸੰਘੀ ਵਿਦੇਸ਼ ਦਫ਼ਤਰ ਵਿੱਚ ਅਫਰੀਕਾ, ਲਾਤੀਨੀ ਅਮਰੀਕਾ ਅਤੇ ਨੇੜਲੇ ਅਤੇ ਮੱਧ ਪੂਰਬ ਲਈ ਡਾਇਰੈਕਟਰ ਜਨਰਲ ਵਜੋਂ ਪੰਜ ਸਾਲ ਬਿਤਾਏ। ਇਸ ਮਹੀਨੇ ਦੇ ਸ਼ੁਰੂ ਵਿੱਚ, ਆਈਏਐਨਐਸ ਨਾਲ ਇੱਕ ਵਿਸ਼ੇਸ਼ ਇੰਟਰਵਿਊ ਵਿੱਚ, ਫਿਲਿਪ ਐਕਰਮੈਨ ਨੇ ਕਿਹਾ ਕਿ ਭਾਰਤ ਅਤੇ ਜਰਮਨੀ ਇੱਕ ਹੋਰ ਟਿਕਾਊ ਵਾਤਾਵਰਣ ਬਣਾਉਣ ਲਈ ਨਵਿਆਉਣਯੋਗ ਊਰਜਾ ਖੇਤਰ ਵਿੱਚ ਮਿਲ ਕੇ ਕੰਮ ਕਰ ਰਹੇ ਹਨ, ਅਤੇ ਇਹ ਸਬੰਧ ਅੱਗੇ ਵਧਦੇ ਹੋਏ ਹੋਰ ਡੂੰਘਾ ਹੋਵੇਗਾ। ਉਨ੍ਹਾਂ ਨੇ ਪੱਛਮੀ ਏਸ਼ੀਆ ਟਕਰਾਅ ਦੇ ਵਿਚਕਾਰ ਜਰਮਨੀ ਅਤੇ ਭਾਰਤ ਦੋਵਾਂ ਨੂੰ ਆਪਣੇ ਊਰਜਾ ਸਰੋਤਾਂ ਨੂੰ ਵਿਭਿੰਨ ਬਣਾਉਣ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ, ਕਿਉਂਕਿ ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਖੇਤਰ 'ਤੇ ਬਹੁਤ ਜ਼ਿਆਦਾ ਨਿਰਭਰਤਾ ਨੂੰ ਘਟਾਉਣਾ ਮਹੱਤਵਪੂਰਨ ਹੈ।



# ਜਪਾਨ 'ਚ ਭੂਚਾਲ ਤੋਂ ਬਾਅਦ ਸੋਨੀ ਦਾ ਕੁਮਾਮੋਟੋ ਸੈਮੀਕੰਡਕਟਰ ਪਲਾਂਟ ਬੰਦ

**ਟੋਕੀਓ**
**ਸਾਂਝੀ ਸੋਚ ਬਿਊਰੋ**

ਸੋਨੀ ਸੈਮੀਕੰਡਕਟਰ ਸਲਿਊਸ਼ਨਜ਼ ਨੇ ਬੁੱਧਵਾਰ ਨੂੰ ਕਿਹਾ ਕਿ ਜਾਪਾਨ ਦੇ ਕੁਮਾਮੋਟੋ ਖੇਤਰ ਵਿੱਚ ਆਏ ਇੱਕ ਸ਼ਕਤੀਸ਼ਾਲੀ ਭੂਚਾਲ ਤੋਂ ਬਾਅਦ ਉਸਦੇ ਕੁਮਾਮੋਟੋ ਤਕਨਾਲੋਜੀ ਕੇਂਦਰ ਵਿੱਚ ਕੰਮਕਾਜ ਮੁਅੱਤਲ ਹੈ, ਕੰਪਨੀ ਸੁਵਿਧਾ ਅਤੇ ਨਿਰਮਾਣ ਲਾਈਨਾਂ ਨੂੰ ਸੰਭਾਵਿਤ ਨੁਕਸਾਨ ਦਾ ਮੁਲਾਂਕਣ ਕਰ ਰਹੀ ਹੈ।

ਸੋਨੀ ਨੇ ਅੱਗੇ ਕਿਹਾ ਕਿ ਉਸਦੇ ਨਾਗਾਸਾਕੀ, ਓਇਟਾ ਅਤੇ ਕਾਗੋਸ਼ੀਮਾ ਤਕਨਾਲੋਜੀ ਕੇਂਦਰਾਂ ਵਿੱਚ ਕੋਈ ਮਹੱਤਵਪੂਰਨ ਨੁਕਸਾਨ ਦੀ ਰਿਪੋਰਟ ਨਹੀਂ ਕੀਤੀ ਗਈ ਹੈ, ਜਦੋਂ ਕਿ ਭੂਚਾਲ ਆਉਣ 'ਤੇ ਸੁਵਿਧਾਵਾਂ ਵਿੱਚ ਮੌਜੂਦ ਕਰਮਚਾਰੀਆਂ ਵਿੱਚ ਕੋਈ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ। ਕੰਪਨੀ ਨੇ ਕਿਹਾ ਕਿ ਮੰਗਲਵਾਰ ਨੂੰ ਸਥਾਨਕ ਸਮੇਂ ਅਨੁਸਾਰ ਸ਼ਾਮ 4:27 ਵਜੇ ਆਏ ਭੂਚਾਲ ਤੋਂ ਤੁਰੰਤ ਬਾਅਦ ਕਿਕੂਯੋ ਸ਼ਹਿਰ ਵਿੱਚ ਸੋਨੀ ਸੈਮੀਕੰਡਕਟਰ ਮੈਨੂਫੈਕਚਰਿੰਗ ਕਾਰਪੋਰੇਸ਼ਨ ਦੇ ਪਲਾਂਟ ਵਿੱਚ ਉਤਪਾਦਨ ਰੋਕ ਦਿੱਤਾ ਗਿਆ ਸੀ।

ਕੰਪਨੀ ਨੇ ਕਿਹਾ ਕਿ ਕੁਮਾਮੋਟੋ ਸਹੂਲਤ 'ਤੇ ਇਮਾਰਤਾਂ ਅਤੇ ਉਤਪਾਦਨ ਉਪਕਰਣਾਂ 'ਤੇ ਪ੍ਰਭਾਵ ਦਾ ਮੁਲਾਂਕਣ ਇਸ ਸਮੇਂ ਚੱਲ ਰਿਹਾ ਹੈ। ਹਾਲਾਂਕਿ, ਇਸਨੇ ਕਾਰਜਾਂ ਨੂੰ ਮੁੜ ਸ਼ੁਰੂ ਕਰਨ ਲਈ ਕੋਈ ਸਮਾਂ-ਸੀਮਾ ਪ੍ਰਦਾਨ ਨਹੀਂ ਕੀਤੀ।

ਪ੍ਰਧਾਨ ਮੰਤਰੀ ਸਾਨੇ ਤਾਕਾਚੀ ਦੇ ਅਨੁਸਾਰ, ਮੰਗਲਵਾਰ ਨੂੰ ਜਾਪਾਨ ਦੇ ਕੁਮਾਮੋਟੋ ਖੇਤਰ ਵਿੱਚ 7.1 ਤੀਬਰਤਾ ਦੇ ਭੂਚਾਲ ਆਉਣ ਤੋਂ ਬਾਅਦ ਇਹ ਵਿਘਨ ਆਇਆ ਹੈ, ਜਿਸ ਵਿੱਚ 13 ਲੋਕ ਮਾਰੇ ਗਏ ਸਨ। "ਹੁਣ ਵੀ, ਲੋਕ ਬਚਾਏ ਜਾਣ ਦੀ ਉਡੀਕ ਕਰ ਰਹੇ ਹਨ, ਅਤੇ ਇਹ ਸਮੇਂ ਦੇ ਵਿਰੁੱਧ ਇੱਕ ਦੌੜ ਹੈ।

ਅਸੀਂ ਵੱਧ ਤੋਂ ਵੱਧ ਲੋਕਾਂ ਨੂੰ ਬਚਾਉਣ ਲਈ ਜ਼ਮੀਨ 'ਤੇ ਸਾਰੇ ਉਪਲਬਧ ਸਰੋਤਾਂ ਨੂੰ ਮਾਰਸ਼ਲ ਕਰਾਂਗੇ," ਤਾਕਾਚੀ ਨੇ ਪੱਤਰਕਾਰਾਂ ਨੂੰ ਕਿਹਾ। ਬਚਾਅ ਟੀਮਾਂ ਨੇ ਢਹਿ-ਢੇਰੀ ਹੋਈਆਂ ਇਮਾਰਤਾਂ ਦੇ ਹੇਠਾਂ ਫਸੇ ਬਚੇ ਲੋਕਾਂ ਲਈ ਖੋਜ ਕਾਰਜ ਜਾਰੀ ਰੱਖੇ, ਕਿਉਂਕਿ ਅਧਿਕਾਰੀਆਂ ਨੇ ਭੂਚਾਲ ਕਾਰਨ ਹੋਏ ਨੁਕਸਾਨ ਦੀ ਹੱਦ ਦਾ ਮੁਲਾਂਕਣ ਕੀਤਾ ਹੈ। ਸੋਨੀ ਸੈਮੀਕੰਡਕਟਰ ਸਲਿਊਸ਼ਨਜ਼ ਉਪਭੋਗਤਾ ਇਲੈਕਟ੍ਰਾਨਿਕਸ, ਆਟੋਮੋਟਿਵ ਅਤੇ ਉਦਯੋਗਿਕ ਐਪਲੀਕੇਸ਼ਨਾਂ ਵਿੱਚ ਵਰਤੇ ਜਾਣ ਵਾਲੇ ਚਿੱਤਰ ਸੈਂਸਰਾਂ ਅਤੇ ਹੋਰ ਸੈਮੀਕੰਡਕਟਰ ਹਿੱਸਿਆਂ ਦਾ ਇੱਕ ਮੁੱਖ ਸਪਲਾਇਰ ਹੈ।


Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521


ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫਤਹਿ
SIKH GURDWARA - SAN JOSE
ਵਿਸ਼ਾਲ ਗੁਰਮਤਿ ਸਮਾਗਮ
ਅਮਰੀਕਾ ਦੀ ਧਰਤੀ 'ਤੇ ਸਥਿਤ
SAN JOSE ਗੁਰਦੁਆਰਾ ਸਾਹਿਬ, ਕੈਲੀਫੋਰਨੀਆ ਵਿਖੇ
ਇੱਕ ਵਿਸ਼ਾਲ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਜਾ ਰਿਹਾ ਹੈ।
ਇਸ ਪਾਵਨ ਸਮਾਗਮ ਵਿੱਚ
ਭਾਈ ਰਣਜੀਤ ਸਿੰਘ ਜੀ ਖ਼ਾਲਸਾ ਢੱਡਰੀਆਂ ਵਾਲੇ
ਪਾਵਨ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।
ਸਮਾਗਮ ਦੀਆਂ ਮਿਤੀਆਂ
7 ਅਤੇ 8 ਅਗਸਤ 2026
ਸ਼ਾਮ 6:00 ਵਜੇ ਤੋਂ 9:00 ਵਜੇ ਤੱਕ
ਸਮਾਗਮ ਦੀਆਂ ਮਿਤੀਆਂ
9 ਅਗਸਤ 2026
ਸਵੇਰੇ 11:00 ਵਜੇ ਤੋਂ ਦੁਪਹਿਰ 2:00 ਵਜੇ ਤੱਕ
ਸਥਾਨ
3636 Gurdwara Avenue
San Jose, Cailforina
ਜੇ ਤੁਸੀਂ ਕੈਲੀਫੋਰਨੀਆ ਜਾਂ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਰਹਿੰਦੇ ਹੋ
ਤਾਂ ਆਪਣੇ ਪਰਿਵਾਰ ਅਤੇ ਬੱਚਿਆਂ ਸਮੇਤ ਇਸ ਪਾਵਨ ਗੁਰਮਤਿ ਸਮਾਗਮ ਵਿੱਚ ਜ਼ਰੂਰ ਪਹੁੰਚੋ ਅਤੇ ਗੁਰਬਾਣੀ ਦੇ ਰਸ ਨਾਲ ਆਪਣਾ ਜੀਵਨ ਧੰਨ ਬਣਾਓ।
ਹੋਰ ਜਾਣਕਾਰੀ ਲਈ ਸੰਪਰਕ ਕਰੋ: +1(408) 274-9373
ਆਓ... ਗੁਰੂ ਚਰਨਾਂ ਵਿੱਚ ਸੀਸ ਨਿਵਾਈਏ, ਗੁਰਬਾਣੀ ਦਾ ਰਸ ਮਾਣੀਏ ਅਤੇ ਆਪਣੇ ਜੀਵਨ ਨੂੰ ਗੁਰੂ ਦੇ ਉਪਦੇਸ਼ਾਂ ਨਾਲ ਰੌਸ਼ਨ ਕਰੀਏ।

ONLY WAY TO GROW YOUR BUSINESS FASTER

# BNG

(Business Network Gateway)

We work for you to

**Boost Your Business**

VIDEO ADVERTISEMENTS

We make professional video advertisements for your business in Punjabi, Hindi & English



POSTERS DESIGN

We design flyers, Posters and Post Cards to promote your business



BUSINESS CARD DESIGN

WE DESIGN YOUR BUSINESS CARD



SOCIAL MEDIA HANDLERS

We can manage your Business social media handlers Facebook, instagram & YouTube



24/7 TECH SUPPORT

We provide 24/7 tech support



For more information call

Boota Singh Basi +1 (209) 303-1260

# ਕੁਮਾਮੋਟੋ ਭੂਚਾਲ ਵਿੱਚ 13 ਲੋਕਾਂ ਦੀ ਮੌਤ ਪ੍ਰਧਾਨ ਮੰਤਰੀ ਸਨਾਏ ਤਾਕਾਇਚੀ

ਟੋਕੀਓ
ਸਾਂਝੀ ਸੋਚ ਬਿਊਰੋ

ਜਾਪਾਨੀ ਪ੍ਰਧਾਨ ਮੰਤਰੀ ਸਨਾਏ ਤਾਕਾਇਚੀ ਨੇ ਬੁੱਧਵਾਰ ਨੂੰ ਕਿਹਾ ਕਿ ਕੁਮਾਮੋਟੋ ਪ੍ਰੀਫੈਕਚਰ ਵਿੱਚ 7.1 ਤੀਬਰਤਾ ਦੇ ਭੂਚਾਲ ਤੋਂ ਬਾਅਦ 13 ਲੋਕਾਂ ਦੀ ਮੌਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਮੰਗਲਵਾਰ ਦੇ ਭੂਚਾਲ ਤੋਂ ਬਾਅਦ ਮਨੁੱਖੀ ਸੱਟਾਂ, ਇਮਾਰਤਾਂ ਢਹਿਣ, ਅੱਗ ਲੱਗਣ ਅਤੇ ਸੜਕਾਂ ਦੇ ਨੁਕਸਾਨ ਸਮੇਤ ਵਿਆਪਕ ਨੁਕਸਾਨ ਦੀ ਪੁਸ਼ਟੀ ਕੀਤੀ ਗਈ ਹੈ। ਜਾਪਾਨ ਦੇ ਕਿਓਡੋ ਨਿਊਜ਼ ਨੇ ਦੇਸ਼ ਦੀ ਮੌਸਮ ਵਿਗਿਆਨ ਏਜੰਸੀ ਦੇ ਹਵਾਲੇ ਨਾਲ ਦੱਸਿਆ ਕਿ ਮੰਗਲਵਾਰ ਨੂੰ ਸ਼ਾਮ 4:27 ਵਜੇ (ਸਥਾਨਕ ਸਮੇਂ) 10 ਕਿਲੋਮੀਟਰ ਦੀ ਡੂੰਘਾਈ 'ਤੇ 7.1 ਤੀਬਰਤਾ ਦਾ ਭੂਚਾਲ ਆਇਆ। ਤਾਕਾਇਚੀ ਨੇ ਪੀੜਤਾਂ ਨਾਲ ਸੰਵੇਦਨਾ ਪ੍ਰਗਟ ਕੀਤੀ ਅਤੇ ਦੁਖੀ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਭਰੋਸਾ ਦਿੱਤਾ ਕਿ ਜਾਪਾਨੀ ਸਰਕਾਰ ਭੂਚਾਲ ਕਾਰਨ ਹੋਏ ਨੁਕਸਾਨ ਦਾ ਮੁਲਾਂਕਣ ਕਰਨ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ, ਜਦੋਂ ਕਿ ਸਬੰਧਤ ਮੰਤਰਾਲੇ ਅਤੇ ਏਜੰਸੀਆਂ ਸ਼ੁਰੂਆਤੀ ਪ੍ਰਤੀਕਿਰਿਆਵਾਂ ਨੂੰ ਹੱਲ ਕਰਨ ਲਈ ਕੰਮ ਕਰ ਰਹੀਆਂ ਹਨ। ਜਾਪਾਨੀ ਪ੍ਰਧਾਨ ਮੰਤਰੀ ਨੇ ਬਿਜਲੀ ਬੰਦ ਹੋਣ ਅਤੇ ਪਾਣੀ ਦੀ ਕਮੀ ਤੋਂ ਪ੍ਰਭਾਵਿਤ ਖੇਤਰਾਂ ਵਿੱਚ ਬਿਜਲੀ ਵਰਗੇ ਜ਼ਰੂਰੀ ਬੁਨਿਆਦੀ ਢਾਂਚੇ ਨੂੰ ਬਹਾਲ ਕਰਨ ਲਈ ਸਰਕਾਰ ਦੀ ਵਚਨਬੱਧਤਾ ਪ੍ਰਗਟ ਕੀਤੀ।



ਇਸ ਦੌਰਾਨ, ਸਵੈ-ਰੱਖਿਆ ਬਲ ਪਾਣੀ ਸਪਲਾਈ ਕਾਰਜ ਚਲਾ ਰਹੇ ਹਨ ਅਤੇ ਮਰੀਜ਼ਾਂ ਨੂੰ ਲੈ ਜਾ ਰਹੇ ਹਨ। ਤਾਕਾਚੀ ਨੇ ਬੁੱਧਵਾਰ ਨੂੰ ਕੁਮਾਮੋਟੋ ਭੂਚਾਲ ਲਈ ਦੂਜੀ ਅਸਧਾਰਨ ਆਫ਼ਤ ਵਿਰੋਧੀ ਉਪਾਅ ਹੈੱਡਕੁਆਰਟਰ ਮੀਟਿੰਗ ਕੀਤੀ। ਕੁਮਾਮੋਟੋ ਪ੍ਰੀਫੈਕਚਰ ਦੇ ਗਵਰਨਰ ਕਿਮੁਰਾ, ਅਤੇ ਕੈਬਨਿਟ ਦਫ਼ਤਰ ਦੇ ਉਪ ਮੰਤਰੀ ਸੁਸ਼ੀਮਾ, ਨੇ ਵਰਚੁਅਲ ਤੌਰ 'ਤੇ ਮੀਟਿੰਗ ਵਿੱਚ ਸ਼ਿਰਕਤ ਕੀਤੀ। ਮੀਟਿੰਗ ਤੋਂ ਬਾਅਦ, ਤਾਕਾਚੀ ਨੇ ਯ 'ਤੇ ਇੱਕ ਪੋਸਟ ਵਿੱਚ ਲਿਖਿਆ, "ਖੋਜ ਅਤੇ ਬਚਾਅ ਕਾਰਜਾਂ ਦੇ ਸੰਬੰਧ ਵਿੱਚ, ਸਵੈ-ਰੱਖਿਆ ਬਲਾਂ ਨੂੰ ਲਗਭਗ 4,600 ਕਰਮਚਾਰੀਆਂ, ਪੁਲਿਸ ਨੂੰ ਲਗਭਗ 2,000, ਅਤੇ ਅੱਗ ਬੁਝਾਊ ਸੇਵਾਵਾਂ ਨੂੰ ਲਗਭਗ 1,400 ਤੱਕ ਮਜ਼ਬੂਤ ਕੀਤਾ ਗਿਆ ਹੈ, ਅਣਥੱਕ ਖੋਜ ਅਤੇ ਬਚਾਅ ਗਤੀਵਿਧੀਆਂ ਚੱਲ ਰਹੀਆਂ ਹਨ।" "ਖੋਜ ਅਤੇ ਬਚਾਅ ਕਾਰਜ ਸਮੇਂ ਦੇ ਵਿਰੁੱਧ ਇੱਕ ਦੌੜ ਹਨ। 'ਆਈਓਐਨ ਮਾਲ ਕੁਮਾਮੋਟੋ' ਅਤੇ 'ਨਿਪੋਨ ਪੇਪਰ ਯਤਸੁਸ਼ੀਰੋ ਮਿੱਲ' ਸਮੇਤ ਸਥਾਨਾਂ 'ਤੇ, ਅਜੇ ਵੀ ਲੋਕ ਬਚਾਅ ਦੀ ਉਡੀਕ ਕਰ ਰਹੇ ਹਨ। ਮੈਂ ਬੇਨਤੀ ਕੀਤੀ ਕਿ ਹਰੇਕ ਸੰਚਾਲਨ ਇਕਾਈ, ਕਰਮਚਾਰੀਆਂ ਅਤੇ ਉਪਕਰਣਾਂ ਨੂੰ ਮਜ਼ਬੂਤ ਕਰਦੇ ਹੋਏ, ਵੱਧ ਤੋਂ ਵੱਧ ਜਾਨਾਂ ਬਚਾਉਣ ਅਤੇ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰੇ," ਉਸਨੇ ਅੱਗੇ ਕਿਹਾ। ਜਾਪਾਨੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਲਗਭਗ 450 ਥਾਵਾਂ 'ਤੇ ਨਿਕਾਸੀ ਆਸਰਾ ਸਥਾਪਿਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਲਗਭਗ 7,700 ਲੋਕ ਪਨਾਹ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਮੰਤਰਾਲੇ ਅਤੇ ਏਜੰਸੀਆਂ ਆਸਰਾ ਘਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਕੰਮ ਕਰ ਰਹੀਆਂ ਹਨ, ਜਿਸ ਵਿੱਚ ਭੋਜਨ ਅਤੇ ਪਾਣੀ, ਗੱਤੇ ਦੇ ਬਿਸਤਰੇ, ਸਫਾਈ ਉਤਪਾਦ ਅਤੇ ਟਾਇਲਟ ਪੇਪਰ ਵਰਗੀਆਂ ਜ਼ਰੂਰੀ ਚੀਜ਼ਾਂ ਸ਼ਾਮਲ ਹਨ, ਨਾਲ ਹੀ ਏਅਰ ਕੰਡੀਸ਼ਨਰ ਅਤੇ ਬਿਜਲੀ ਸਪਲਾਈ ਕਰਨ ਵਾਲੇ ਵਾਹਨਾਂ ਦਾ ਪ੍ਰਬੰਧ ਕਰਨਾ ਸ਼ਾਮਲ ਹੈ।

# 42 ਸਾਲਾਂ ਵਿੱਚ ਪਹਿਲੀ ਵਾਰ ਜਾਪਾਨੀ ਨਾਗਰਿਕਾਂ ਦੀ ਆਬਾਦੀ 120 ਮਿਲੀਅਨ ਤੋਂ ਹੇਠਾਂ

ਟੋਕੀਓ
ਸਾਂਝੀ ਸੋਚ ਬਿਊਰੋ

ਸਰਕਾਰੀ ਅੰਕੜਿਆਂ ਅਨੁਸਾਰ ਬੁੱਧਵਾਰ ਨੂੰ ਇਸ ਸਾਲ 1 ਜਨਵਰੀ ਤੱਕ ਜਾਪਾਨ ਵਿੱਚ ਜਾਪਾਨੀ ਨਾਗਰਿਕਾਂ ਦੀ ਕੁੱਲ ਆਬਾਦੀ 42 ਸਾਲਾਂ ਵਿੱਚ ਪਹਿਲੀ ਵਾਰ 120 ਮਿਲੀਅਨ ਤੋਂ ਹੇਠਾਂ ਆ ਗਈ ਹੈ। ਅੰਦਰੂਨੀ ਮਾਮਲਿਆਂ ਅਤੇ ਸੰਚਾਰ ਮੰਤਰਾਲੇ ਦੇ ਅੰਕੜਿਆਂ ਅਨੁਸਾਰ, ਪਿਛਲੇ ਸਾਲ ਦੇ ਮੁਕਾਬਲੇ ਇਸ ਅੰਕੜੇ ਵਿੱਚ 917,000 ਲੋਕਾਂ ਦੀ ਗਿਰਾਵਟ ਆਈ ਹੈ, ਜੋ ਕਿ 1968 ਵਿੱਚ ਤੁਲਨਾਤਮਕ ਡੇਟਾ ਉਪਲਬਧ ਹੋਣ ਤੋਂ ਬਾਅਦ ਸਭ ਤੋਂ ਵੱਡੀ ਗਿਰਾਵਟ ਹੈ। ਨਿਊਜ਼ ਏਜੰਸੀ ਦੀ ਰਿਪੋਰਟ ਅਨੁਸਾਰ, ਜਾਪਾਨ ਦੇ 47 ਪ੍ਰੀਫੈਕਚਰ ਵਿੱਚੋਂ, ਟੋਕੀਓ ਹੀ ਇੱਕ ਅਜਿਹਾ ਸ਼ਹਿਰ ਸੀ ਜਿੱਥੇ ਜਾਪਾਨੀ ਨਾਗਰਿਕਾਂ ਦੀ ਗਿਣਤੀ ਵਿੱਚ 0.09 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ ਸੀ। ਇਸ ਦੌਰਾਨ, ਵਿਦੇਸ਼ੀ ਨਿਵਾਸੀਆਂ ਦੀ ਗਿਣਤੀ 354,000 ਵਧ ਕੇ 4,031,159 ਹੋ ਗਈ। ਇਹ ਅੰਕੜਾ 2013 ਵਿੱਚ ਮੰਤਰਾਲੇ ਵੱਲੋਂ ਗਿਣਤੀ ਸ਼ੁਰੂ ਕਰਨ ਤੋਂ ਬਾਅਦ ਸਭ ਤੋਂ ਵੱਧ ਹੈ।




ਜਾਪਾਨ ਦੀ ਕੁੱਲ ਆਬਾਦੀ, ਜਿਸ ਵਿੱਚ ਵਿਦੇਸ਼ੀ ਨਿਵਾਸੀ ਵੀ ਸ਼ਾਮਲ ਹਨ, 123,767,642 ਸੀ, ਜੋ ਪਿਛਲੇ ਸਾਲ ਨਾਲੋਂ ਲਗਭਗ 563,000 ਘੱਟ ਹੈ। ਆਬਾਦੀ ਵਿੱਚ ਵਾਧਾ ਸਿਰਫ਼ ਟੋਕੀਓ, ਚਿਬਾ ਅਤੇ ਓਸਾਕਾ ਪ੍ਰੀਫੈਕਚਰ ਵਿੱਚ ਦਰਜ ਕੀਤਾ ਗਿਆ ਸੀ। ਮਈ ਦੇ ਸ਼ੁਰੂ ਵਿੱਚ, ਸਰਕਾਰੀ ਅੰਕੜਿਆਂ ਤੋਂ ਪਤਾ ਲੱਗਿਆ ਸੀ ਕਿ ਜਾਪਾਨ ਵਿੱਚ ਬੱਚਿਆਂ ਦੀ ਆਬਾਦੀ 1 ਅਪ੍ਰੈਲ ਤੱਕ ਘਟ ਕੇ ਅੰਦਾਜ਼ਨ 13.29 ਮਿਲੀਅਨ ਹੋ ਗਈ ਹੈ, ਜੋ ਕਿ ਇੱਕ ਸਾਲ ਪਹਿਲਾਂ ਨਾਲੋਂ 350,000 ਦੀ ਗਿਰਾਵਟ ਦਰਸਾਉਂਦੀ ਹੈ ਅਤੇ ਇੱਕ ਨਵਾਂ ਰਿਕਾਰਡ ਘੱਟ ਹੈ। ਇਹ ਅੰਕੜਾ ਲਗਾਤਾਰ 45ਵੇਂ ਸਾਲ ਘਟਿਆ ਸੀ। ਜਾਪਾਨ ਦੇ ਕਿਓਡੋ ਨਿਊਜ਼ ਦੀ ਰਿਪੋਰਟ ਅਨੁਸਾਰ, 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਅਨੁਪਾਤ ਕੁੱਲ ਆਬਾਦੀ ਦੇ 0.3 ਪ੍ਰਤੀਸ਼ਤ ਅੰਕ ਘੱਟ ਕੇ ਕੁੱਲ ਆਬਾਦੀ ਦਾ 10.8 ਪ੍ਰਤੀਸ਼ਤ ਹੋ ਗਿਆ, ਜੋ ਕਿ 1950 ਵਿੱਚ ਤੁਲਨਾਤਮਕ ਡੇਟਾ ਉਪਲਬਧ ਹੋਣ ਤੋਂ ਬਾਅਦ ਸਭ ਤੋਂ ਘੱਟ ਹੈ। ਵਿਦੇਸ਼ੀ ਨਿਵਾਸੀਆਂ ਸਮੇਤ, ਅੰਕੜਿਆਂ ਦੀ ਗਣਨਾ ਹਰ ਪੰਜ ਸਾਲਾਂ ਬਾਅਦ ਕੀਤੀ ਜਾਣ ਵਾਲੀ ਰਾਸ਼ਟਰੀ ਜਨਗਣਨਾ ਵਿੱਚ ਦੱਸੇ ਗਏ ਆਬਾਦੀ ਅਨੁਮਾਨਾਂ ਦੇ ਆਧਾਰ 'ਤੇ ਕੀਤੀ ਗਈ ਸੀ। ਜਾਪਾਨੀ ਸਰਕਾਰ ਦੁਆਰਾ ਚੁੱਕੇ ਗਏ ਕਈ ਉਪਾਵਾਂ ਦੇ ਬਾਵਜੂਦ, ਜਿਵੇਂ ਕਿ ਬੱਚੇ ਦੀ ਪਰਵਰਿਸ਼ ਕਰਨ ਵਾਲੇ ਪਰਿਵਾਰਾਂ ਲਈ ਵਿੱਤੀ ਸਹਾਇਤਾ ਵਧਾਉਣਾ, ਆਬਾਦੀ ਵਿੱਚ ਗਿਰਾਵਟ 45 ਸਾਲਾਂ ਤੋਂ ਜਾਰੀ ਹੈ। ਘਟਦੀ ਜਨਮ ਦਰ ਨੂੰ ਹੱਲ ਕਰਨ ਲਈ, ਜਾਪਾਨੀ ਸਰਕਾਰ ਨੇ 2030 ਤੱਕ ਦੀ ਮਿਆਦ ਨੂੰ "final opportunity to reverse the trend." ਘੋਸ਼ਿਤ ਕੀਤਾ ਹੈ।

# ਸ਼ੁਤਰਾਣਾ ਹਲਕੇ ਦੇ 56 ਪਿੰਡਾਂ ਦੀ 68,500 ਏਕੜ ਜ਼ਮੀਨ ਨੂੰ ਮਿਲਿਆ ਸਿੰਚਾਈ ਲਈ ਨਹਿਰੀ ਪਾਣੀ: ਬਰਿੰਦਰ ਕੁਮਾਰ ਗੋਇਲ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਸ਼ੁਤਰਾਣਾ ਹਲਕੇ ਦੇ ਪਿੰਡ ਬੂਟਾ ਸਿੰਘ ਵਾਲਾ ਅਤੇ ਬਾਦਸ਼ਾਹਪੁਰ ਵਿਖੇ ਨਹਿਰੀ ਪਾਣੀ ਸਿੰਚਾਈ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ। ਇਸ ਮੌਕੇ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੀ ਹਾਜ਼ਰ ਸਨ, ਜਿਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਜਲ ਸਰੋਤ ਮੰਤਰੀ ਬਰਿੰਦਰ ਗੋਇਲ ਦਾ ਕਿਸਾਨਾਂ ਨੂੰ ਇਹ ਵੱਡਾ ਤੋਹਫ਼ਾ ਦੇਣ ਲਈ ਧੰਨਵਾਦ ਕੀਤਾ। ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਮੁੱਖ ਮੰਤਰੀ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਸਹੂਲਤ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ੁਤਰਾਣਾ ਹਲਕੇ ਵਿੱਚ 80.35 ਕਰੋੜ ਰੁਪਏ ਦੀ ਲਾਗਤ ਨਾਲ 137.13 ਕਿਲੋਮੀਟਰ ਨਹਿਰਾਂ, ਰਜਬਾਹਿਆਂ ਅਤੇ ਸਬ-ਮਾਈਨਰਾਂ ਦਾ ਨਵੀਨੀਕਰਨ ਕੀਤਾ ਗਿਆ ਹੈ, ਜਿਸ ਨਾਲ 56 ਪਿੰਡਾਂ ਦੀ ਲਗਭਗ 68,500 ਏਕੜ ਜ਼ਮੀਨ ਨੂੰ ਸਿੰਚਾਈ ਲਈ ਨਹਿਰੀ ਪਾਣੀ ਦੀ ਸਹੂਲਤ ਮਿਲੇਗੀ। ਉਨ੍ਹਾਂ ਦੱਸਿਆ ਕਿ ਇਸ ਤਹਿਤ 2 ਨਹਿਰਾਂ, 14 ਕੁੱਲ ਮਾਈਨਰ ਅਤੇ ਸਬ-ਮਾਈਨਰਾਂ ਦਾ ਨਵੀਨੀਕਰਨ ਕੀਤਾ ਗਿਆ ਹੈ। ਇਸ ਤੋਂ ਇਲਾਵਾ 53.9 ਕਿਲੋਮੀਟਰ ਪਾਈਪਲਾਈਨਾਂ ਵਿਛਾਈਆਂ ਗਈਆਂ ਹਨ, ਜਿਨ੍ਹਾਂ 'ਤੇ 8.89 ਕਰੋੜ ਰੁਪਏ ਦੀ ਲਾਗਤ ਆਈ ਹੈ। ਇਨ੍ਹਾਂ ਪਾਈਪਲਾਈਨਾਂ ਰਾਹੀਂ 18 ਪਿੰਡਾਂ ਦੀ ਕਰੀਬ 9,302 ਏਕੜ ਜ਼ਮੀਨ ਨੂੰ ਨਹਿਰੀ ਪਾਣੀ ਦੀ ਸਹੂਲਤ ਮਿਲੇਗੀ। ਬਰਿੰਦਰ ਕੁਮਾਰ ਗੋਇਲ ਨੇ ਬਾਦਸ਼ਾਹਪੁਰ ਵਿਖੇ ਘੱਗਰ ਬੰਨ੍ਹ ਮਜ਼ਬੂਤ ਕਰਨ ਦਾ ਜਾਇਜ਼ਾ ਲਿਆ ਅਤੇ ਦੱਸਿਆ ਕਿ ਡਰੇਨੇਜ ਵਿਭਾਗ ਨੇ ਘੱਗਰ ਦੇ ਕਿਨਾਰੇ, ਜਿੱਥੇ ਕਿਤੇ ਢਾਹ ਲੱਗਣ ਦਾ ਖ਼ਦਸ਼ਾ ਸੀ, ਉੱਥੇ 1000 ਫੁੱਟ ਖੇਤਰ 'ਤੇ 2.46 ਕਰੋੜ ਰੁਪਏ ਖਰਚ ਕਰਕੇ ਪੱਥਰ ਤੇ ਜਾਲੀ ਲਗਾ ਕੇ ਮਜ਼ਬੂਤ ਕੀਤਾ ਹੈ। ਪੱਤਰਕਾਰਾਂ ਵੱਲੋਂ ਪੁੱਛੇ ਇੱਕ ਸਵਾਲ ਦੇ ਜਵਾਬ ਵਿੱਚ ਬਰਿੰਦਰ ਗੋਇਲ ਨੇ ਕਿਹਾ ਕਿ ਡਰੇਨੇਜ ਵਿਭਾਗ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਹਦਾਇਤ ਅਨੁਸਾਰ ਪਿਛਲੇ ਸਾਲ ਦੌਰਾਨ ਘੱਗਰ ਦੇ ਬੰਨ੍ਹ ਮਜ਼ਬੂਤ ਕਰਨ ਲਈ ਜੋ ਕੰਮ ਕੀਤਾ ਉਹ ਕਦੇ ਪਿਛਲੇ 50 ਸਾਲਾਂ ਵਿੱਚ ਨਹੀਂ ਹੋਇਆ, ਜਿਸ ਕਰਕੇ ਲੰਘੇ ਸਾਲ ਘੱਗਰ ਨਦੀ ਵਿੱਚ ਬਹੁਤਾਤ 'ਚ ਆਏ ਪਾਣੀ ਦੇ ਬਾਵਜੂਦ ਕਿਸੇ ਵੀ ਥਾਂ 'ਤੇ ਕੋਈ ਬੰਨ੍ਹ ਨਹੀਂ ਟੁੱਟਿਆ। ਉਨ੍ਹਾਂ ਦੱਸਿਆ ਕਿ ਬਾਦਸ਼ਾਹਪੁਰ ਵਿਖੇ ਵੀ ਖਨੌਰੀ ਦੀ ਤਰ੍ਹਾਂ ਗੇਜ ਲਗਾਈ ਜਾਵੇਗੀ ਅਤੇ ਹੁਣ ਤੱਕ ਹੜ੍ਹਾਂ ਤੋਂ ਬਚਾਅ ਦੇ ਕਾਰਜ ਮੁਕੰਮਲ ਕਰ ਲਏ ਗਏ ਹਨ। ਉਨ੍ਹਾਂ ਕਿਹਾ ਕਿ ਉਹ ਕਾਰ ਸੇਵਾ, ਲੋਕਾਂ ਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦੀ ਹਨ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਕੈਬਨਿਟ ਮੰਤਰੀ ਗੋਇਲ ਤੀਜੀ ਵਾਰ ਸ਼ੁਤਰਾਣਾ ਹਲਕੇ 'ਚ ਆਕੇ ਉਦਘਾਟਨ ਕਰਕੇ ਗਏ ਹਨ, ਤੇ ਕਿਸਾਨਾਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੰਜਾਬ ਸਰਕਾਰ ਨੇ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਘੱਗਰ ਤੋਂ ਪਾਰਲੇ ਪਿੰਡਾਂ ਤੱਕ ਵੀ ਇਹ ਸਹੂਲਤ ਪ੍ਰਦਾਨ ਕੀਤੀ ਜਾਵੇਗੀ ਅਤੇ ਇਨ੍ਹਾਂ ਪ੍ਰਾਜੈਕਟਾਂ ਨਾਲ ਕਿਸਾਨਾਂ ਨੂੰ ਵੱਡਾ ਲਾਭ ਮਿਲੇਗਾ ਅਤੇ ਖੇਤੀਬਾੜੀ ਨੂੰ ਹੋਰ ਮਜ਼ਬੂਤੀ ਮਿਲੇਗੀ। ਕੁਲਵੰਤ ਸਿੰਘ ਨੇ ਪੰਜਾਬ ਸਰਕਾਰ ਅਤੇ ਜਲ ਸਰੋਤ ਵਿਭਾਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕਿਸਾਨ ਪੱਖੀ ਫ਼ੈਸਲਿਆਂ ਨੂੰ ਲਗਾਤਾਰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ। ਇਸ ਮੌਕੇ ਸਾਬਕਾ ਵਿਧਾਇਕ ਵਨਿੰਦਰ ਕੌਰ ਲੂੰਬਾ, ਡਰੇਨੇਜ ਵਿਭਾਗ ਦੇ ਨਿਗਰਾਨ ਇੰਜੀਨੀਅਰ ਰਜਿੰਦਰ ਘਈ, ਸਿੰਚਾਈ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਗੁਰਦੀਪ ਸਿੰਘ, ਆਕਾਸ਼ ਅਗਰਵਾਲ ਸਮੇਤ ਵੱਡੀ ਗਿਣਤੀ ਕਿਸਾਨ, ਇਲਾਕਾ ਨਿਵਾਸੀ ਅਤੇ ਹੋਰ ਪਤਵੰਤੇ ਹਾਜ਼ਰ ਸਨ।


Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With
Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU** **SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899    (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# ਪਠਾਨਕੋਟ 'ਚ ਟੈਂਕਰ ਵਰਕਸ਼ਾਪ 'ਚ ਵੈਲਡਿੰਗ ਦੌਰਾਨ ਵੱਡਾ ਧਮਾਕਾ ਟੀਨ ਦੀ ਛੱਤ ਉੱਡੀ, ਇਕ ਵਿਅਕਤੀ ਦੀ ਮੌਤ, ਇੱਕ ਜ਼ਖ਼ਮੀ

ਪਠਾਨਕੋਟ
ਸਾਂਝੀ ਸੋਚ ਬਿਊਰੋ

ਪਠਾਨਕੋਟ ਦੇ ਸਰਨਾ ਸਥਿਤ ਛੋਟੀ ਨਹਿਰ ਨੇੜੇ ਟੈਂਕਰ ਵਰਕਸ਼ਾਪ ਵਿੱਚ ਵੇਲਡਿੰਗ ਦੌਰਾਨ ਅਚਾਨਕ ਹੋਏ ਧਮਾਕੇ ਵਿੱਚ ਪਿਛਲੇ 20 ਸਾਲਾਂ ਤੋਂ ਕੰਮ ਕਰ ਰਹੇ ਫ਼ੋਰਮੈਨ ਦੀ ਮੌਤ ਹੋ ਗਈ, ਜਦੋਂ ਕਿ ਉਨ੍ਹਾਂ ਦਾ ਇੱਕ ਸਾਥੀ ਕਰਮਚਾਰੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਵਰਕਸ਼ਾਪ ਦੀ ਟੀਨ ਦੀ ਛੱਤ ਉੱਡ ਗਈ ਅਤੇ ਟੈਂਕਰ ਦੇ ਪਰਖੱਚੇ ਉੱਡ ਗਏ। ਪੁਲਿਸ ਦੀ ਸ਼ੁਰੂਆਤੀ ਜਾਂਚ ਦੇ ਅਨੁਸਾਰ ਟੈਂਕਰ ਵਰਕਸ਼ਾਪ ਵਿੱਚ ਇੱਕ ਟੈਂਕਰ ਦੀ ਮਰੰਮਤ ਲਈ ਵੈਲਡਿੰਗ ਦਾ ਕੰਮ ਚੱਲ ਰਿਹਾ ਸੀ। ਬਹੁਤ ਜ਼ਿਆਦਾ ਗਰਮੀ ਅਤੇ ਟੈਂਕਰ ਦੇ ਅੰਦਰ ਜਲਣਸ਼ੀਲ ਗੈਸ ਜਮ੍ਹਾਂ ਹੋਣ ਕਾਰਨ ਜਿਵੇਂ ਹੀ ਵੇਲਡਿੰਗ ਸ਼ੁਰੂ ਕੀਤੀ ਗਈ, ਅਚਾਨਕ ਜ਼ੋਰਦਾਰ ਧਮਾਕਾ ਹੋ ਗਿਆ। ਧਮਾਕਾ ਇੰਨਾ ਭਿਆਨਕ ਸੀ ਕਿ ਵਰਕਸ਼ਾਪ ਦੀ ਪੂਰੀ ਟੀਨ ਦੀ ਛੱਤ ਹਵਾ ਵਿੱਚ ਉੱਡ ਗਈ ਅਤੇ ਆਸ-ਪਾਸ ਦਾ ਇਲਾਕਾ ਕੰਬ ਉੱਠਿਆ। ਅਵਾਜ਼ ਸੁਣ ਕੇ ਆਸ-ਪਾਸ ਦੇ ਲੋਕ ਤੁਰੰਤ ਮੌਕੇ 'ਤੇ ਪਹੁੰਚੇ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਮੌਕੇ 'ਤੇ ਪਹੁੰਚੀ। ਪੁਲਿਸ ਨੇ ਘਟਨਾ ਸਥਾਨ ਦਾ ਮੁਆਇਨਾ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਸਾਰੇ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ। ਮ੍ਰਿਤਕ ਦੀ ਪਛਾਣ ਪਿੰਡ ਬਲਸੂਆ ਦੇ ਰਹਿਣ ਵਾਲੇ 60 ਸਾਲਾ ਦੌਲਤ ਰਾਮ ਵਜੋਂ ਹੋਈ ਹੈ। ਦੂਜੇ ਜ਼ਖ਼ਮੀ ਕਰਮਚਾਰੀ ਨੂੰ ਤੁਰੰਤ ਨੇੜਲੇ ਹਸਪਤਾਲ ਭਰਤੀ ਕਰਵਾਇਆ ਗਿਆ ਹੈ, ਜਿੱਥੇ ਡਾਕਟਰਾਂ ਅਨੁਸਾਰ ਉਸ ਦੀ ਹਾਲਤ ਸਥਿਰ ਬਣੀ ਹੋਈ ਹੈ।

# ਪੁਲਿਸ ਚੌਕੀ 'ਤੇ ਹਮਲੇ ਵਿੱਚ 7 ਪੁਲਿਸ ਮੁਲਾਜ਼ਮਾਂ ਦੀ ਮੌਤ: 20 ਤੋਂ ਵੱਧ ਜ਼ਖਮੀ

ਖੈਬਰ ਪਖਤੂਨਖਵਾ
ਸਾਂਝੀ ਸੋਚ ਬਿਊਰੋ



ਪਾਕਿਸਤਾਨ ਦੇ ਉੱਤਰੀ ਸੂਬੇ ਖੈਬਰ ਪਖਤੂਨਖਵਾ ਦੇ ਹੰਗੂ ਜ਼ਿਲ੍ਹੇ ਵਿੱਚ ਅੱਤਵਾਦੀਆਂ ਦੇ ਇੱਕ ਸਮੂਹ ਨੇ ਇੱਕ ਪੁਲਿਸ ਚੌਕੀ 'ਤੇ ਹਮਲਾ ਕੀਤਾ, ਜਿਸ ਵਿੱਚ 7 ਪੁਲਿਸ ਮੁਲਾਜ਼ਮ ਮਾਰੇ ਗਏ ਅਤੇ 22 ਹੋਰ ਜ਼ਖਮੀ ਹੋ ਗਏ, ਪੁਲਿਸ ਨੇ ਕਿਹਾ ਹੈ। ਸ਼ਿਨਹੂਆ ਨਿਊਜ਼ ਏਜੰਸੀ ਦੀ ਰਿਪੋਰਟ ਅਨੁਸਾਰ ਜ਼ਿਲ੍ਹਾ ਪੁਲਿਸ ਅਧਿਕਾਰੀ ਤਾਰਿਕ ਹਬੀਬ ਨੇ ਬੁੱਧਵਾਰ ਦੇਰ ਰਾਤ ਸਥਾਨਕ ਮੀਡੀਆ ਨੂੰ ਦੱਸਿਆ ਕਿ ਸੁਰੱਖਿਆ ਕਰਮਚਾਰੀਆਂ ਨੇ ਜਵਾਬੀ ਗੋਲੀਬਾਰੀ ਕੀਤੀ, ਜਿਸ ਵਿੱਚ ਅੱਠ ਅੱਤਵਾਦੀ ਮਾਰੇ ਗਏ ਅਤੇ ਛੇ ਹੋਰ ਜ਼ਖਮੀ ਹੋ ਗਏ। ਪੁਲਿਸ ਨੇ ਕਿਹਾ ਕਿ ਬਾਕੀ ਬਚੇ ਅੱਤਵਾਦੀਆਂ ਨੂੰ ਖਤਮ ਕਰਨ ਲਈ ਖੇਤਰ ਵਿੱਚ ਇੱਕ ਮੁਹਿੰਮ ਜਾਰੀ ਹੈ। ਕਿਸੇ ਵੀ ਸਮੂਹ ਨੇ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ। ਇਹ ਪਾਕਿਸਤਾਨ ਵਿੱਚ ਸੁਰੱਖਿਆ ਅਧਿਕਾਰੀਆਂ 'ਤੇ ਅੱਤਵਾਦੀਆਂ ਦੁਆਰਾ ਕੀਤੇ ਗਏ ਇਸੇ ਤਰ੍ਹਾਂ ਦੇ ਹਮਲਿਆਂ ਦੇ ਪਿਛੋਕੜ ਵਿੱਚ ਆਇਆ ਹੈ, ਜਿਸ ਵਿੱਚ ਕਈ ਕਰਮਚਾਰੀ ਮਾਰੇ ਗਏ ਸਨ। ਇਸ ਤੋਂ ਪਹਿਲਾਂ 23 ਜੁਲਾਈ ਨੂੰ, ਖੈਬਰ ਪਖਤੂਨਖਵਾ ਸੂਬੇ ਵਿੱਚ ਇੱਕ ਸੁਰੱਖਿਆ ਚੌਕੀ ਨੂੰ ਨਿਸ਼ਾਨਾ ਬਣਾਉਂਦੇ ਹੋਏ ਇੱਕ ਆਤਮਘਾਤੀ ਬੰਬ ਧਮਾਕੇ ਵਿੱਚ ਸੁਰੱਖਿਆ ਕਰਮਚਾਰੀ, ਪੁਲਿਸ ਅਧਿਕਾਰੀ ਅਤੇ ਜੰਗਲਾਤ ਵਿਭਾਗ ਦੇ ਇੱਕ ਅਧਿਕਾਰੀ ਸਮੇਤ ਘੱਟੋ-ਘੱਟ 14 ਲੋਕ ਮਾਰੇ ਗਏ ਸਨ।

# ਜੈਵਲਿਨ ਥ੍ਰੋਅ ਦੇ ਫ਼ਾਈਨਲ ਵਿੱਚ ਪਹੁੰਚੇ ਨੀਰਜ ਚੋਪੜਾ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਭਾਰਤ ਦੇ ਨੀਰਜ ਚੋਪੜਾ, ਰੋਹਿਤ ਯਾਦਵ ਅਤੇ ਯਸ਼ ਵੀਰ ਸਿੰਘ ਕਾਮਨਵੇਲਥ ਗੇਮਜ਼ ਦੇ ਜੈਵਲਿਨ ਥ੍ਰੋਅ ਫ਼ਾਈਨਲ ਵਿੱਚ ਪਹੁੰਚ ਗਏ ਹਨ। ਕੁਆਲੀਫ਼ਿਕੇਸ਼ਨ ਰਾਊਂਡ ਵਿੱਚ ਨੀਰਜ ਨੇ 79.61 ਮੀਟਰ ਦਾ ਬੈਸਟ ਥ੍ਰੋਅ ਕਰਕੇ ਪੰਜਵਾਂ ਸਥਾਨ ਹਾਸਲ ਕੀਤਾ।

ਪਾਕਿਸਤਾਨ ਦੇ ਓਲੰਪਿਕ ਚੈਂਪੀਅਨ ਅਰਸ਼ਦ ਨਦੀਮ 78.63 ਮੀਟਰ ਦੇ ਨਾਲ ਸੱਤਵੇਂ ਸਥਾਨ 'ਤੇ ਰਹਿ ਕੇ ਫ਼ਾਈਨਲ ਵਿੱਚ ਪਹੁੰਚੇ। ਮੈਡਲ ਈਵੈਂਟ ਸ਼ੁੱਕਰਵਾਰ ਦੇਰ ਰਾਤ 12:45 ਵਜੇ ਤੋਂ ਖੇਡਿਆ ਜਾਵੇਗਾ। ਨੀਰਜ ਨੇ ਪਹਿਲੀ ਕੋਸ਼ਿਸ਼ ਵਿੱਚ 76.28 ਮੀਟਰ ਅਤੇ ਦੂਜੀ ਕੋਸ਼ਿਸ਼ ਵਿੱਚ 79.61 ਮੀਟਰ ਦਾ ਥ੍ਰੋਅ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਤੀਜੀ ਕੋਸ਼ਿਸ਼ ਨਹੀਂ ਕੀਤੀ ਅਤੇ ਪੰਜਵੇਂ ਸਥਾਨ 'ਤੇ ਰਹਿੰਦਿਆਂ ਫ਼ਾਈਨਲ ਲਈ ਕੁਆਲੀਫ਼ਾਈ ਕਰ ਲਿਆ।

# ਮੱਲਿਕਾਰਜੁਨ ਖੜਗੇ ਨੇ ਪੇਪਰ ਲੀਕ ਦੇ ਮਾਮਲੇ 'ਤੇ ਸਰਕਾਰ ਨੂੰ ਘੇਰਿਆ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਸੰਸਦ ਦੇ ਮਾਨਸੂਨ ਇਜਲਾਸ ਵਿੱਚ ਅੱਜ ਰਾਜ ਸਭਾ ਵਿੱਚ ਪੇਪਰ ਲੀਕ ਬਿੱਲ 'ਤੇ ਚਰਚਾ ਚੱਲ ਰਹੀ ਹੈ। ਇਸ ਦੌਰਾਨ ਵਿਰੋਧੀ ਧਿਰ ਦੇ ਨੇਤਾ ਮੱਲਿਕਾਰਜੁਨ ਖੜਗੇ ਨੇ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ। ਰਾਜ ਸਭਾ ਵਿੱਚ ਕਾਂਗਰਸ ਸੰਸਦ ਮੈਂਬਰ ਮੱਲਿਕਾਰਜੁਨ ਖੜਗੇ ਨੇ ਕਿਹਾ ਕਿ ਕੁਝ ਸਾਲਾਂ ਵਿੱਚ 152 ਪ੍ਰੀਖਿਆਵਾਂ ਦੇ ਪੇਪਰ ਲੀਕ ਹੋਏ ਹਨ, ਪਰ ਇੱਕ ਨੂੰ ਵੀ ਸਜ਼ਾ ਨਹੀਂ ਹੋਈ। ਸਰਕਾਰ ਕੀ ਕਰ ਰਹੀ ਸੀ, ਕੀ ਏਜੰਸੀਆਂ ਸੌਂ ਰਹੀਆਂ ਸਨ? ਸਿੱਖਿਆ ਕੁਝ ਲੋਕਾਂ ਦਾ ਵਿਸ਼ੇਸ਼ ਅਧਿਕਾਰ ਨਹੀਂ ਹੈ। ਵਿੱਦਿਅਕ ਸੰਸਥਾਵਾਂ 'ਤੇ ਆਰ.ਐੱਸ.ਐੱਸ. ਦਾ ਕਬਜ਼ਾ ਹੈ। ਯੂਨੀਵਰਸਿਟੀਆਂ ਵਿੱਚ ਆਰ.ਐੱਸ.ਐੱਸ. ਦੇ ਲੋਕ ਭਰੇ ਜਾ ਰਹੇ ਹਨ। ਬਜਟ ਵਿੱਚ ਸਿੱਖਿਆ ਬਜਟ ਦੀ ਹਿੱਸੇਦਾਰੀ ਛੇ ਫ਼ੀਸਦੀ ਹੋਣੀ ਚਾਹੀਦੀ ਹੈ, ਪਰ ਇਹ ਤਿੰਨ ਫ਼ੀਸਦੀ ਤੋਂ ਵੀ ਘੱਟ ਹੈ। ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਰਾਜ ਸਭਾ ਵਿੱਚ ਦਾਅਵਾ ਕੀਤਾ ਕਿ ਪੀਐੱਮ ਮੋਦੀ ਦੇ 12 ਸਾਲਾਂ ਦੇ ਕਾਰਜਕਾਲ ਵਿੱਚ ਸਵਾ ਲੱਖ ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕੀਤੀ ਹੈ। ਖੜਗੇ ਨੇ ਕਿਹਾ- 12 ਸਾਲਾਂ ਵਿੱਚ ਪਹਿਲੀ ਵਾਰ ਸਿੱਖਿਆ ਮੰਤਰੀ ਦਾ ਅਸਤੀਫ਼ਾ ਹੋਇਆ। ਸਰਕਾਰ ਨੇ ਪੇਪਰ ਲੀਕ ਅਤੇ ਪ੍ਰਦਰਸ਼ਨ ਦੌਰਾਨ ਵਿਦਿਆਰਥੀਆਂ ਦੀ ਗੱਲ ਨਹੀਂ ਸੁਣੀ। ਬਾਅਦ ਵਿੱਚ ਜੇਪੀ ਨੱਡਾ ਨੇ ਉਨ੍ਹਾਂ ਨੂੰ ਬੁਲਾਇਆ। ਜੇਕਰ ਇਹ ਪਹਿਲਾਂ ਹੋ ਗਿਆ ਹੁੰਦਾ ਤਾਂ ਵਿਦਿਆਰਥੀਆਂ ਨੂੰ ਲਾਠੀਆਂ ਨਾ ਖਾਣੀਆਂ ਪੈਂਦੀਆਂ। ਖੜਗੇ ਨੇ ਕਿਹਾ- ਪੇਪਰ ਲੀਕ ਨਾਲ ਜੁੜੇ ਪਬਲਿਕ ਐਗਜ਼ਾਮੀਨੇਸ਼ਨ (ਅਨਫ਼ੇਅਰ ਮੀਨਜ਼ ਦੀ ਰੋਕਥਾਮ) ਸੋਧ ਬਿੱਲ ਵਿੱਚ ਕੁਝ ਨਵਾਂ ਨਹੀਂ ਹੈ। ਸਿਰਫ਼ ਅੰਕੜੇ ਬਦਲੇ ਹਨ। ਇਸ ਨਾਲ ਕੋਈ ਫ਼ਰਕ ਪੈਣ ਵਾਲਾ ਨਹੀਂ ਹੈ। ਪੇਪਰ ਚੋਰੀ ਕਰਨ ਵਾਲੇ ਬਚਦੇ ਰਹਿਣਗੇ, ਵਿਦਿਆਰਥੀ ਕੁੱਟ ਖਾਂਦੇ ਰਹਿਣਗੇ।



WE HAVE THE CHEAPEST FARES TO INDIA

LEGEND TRAVEL

arc accredited agency
CST # 207524-40

Special Fares To India From West-coast (us) On Air India Direct Flights



JATINDER SINGH




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਬੇਅਦਬੀ ਕਾਨੂੰਨ 'ਤੇ ਪੰਜਾਬ ਸਰਕਾਰ ਦਾ ਜਵਾਬ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਰੱਦ
## ਸੋਧਾਂ ਲਈ ਸਹਿਮਤੀ ਬਣਾਉਣ ਵਾਸਤੇ ਸਿੱਖ ਮਾਹਰਾਂ ਦੀ ਕਮੇਟੀ ਗਠਤ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਰੋਕਣ ਸਬੰਧੀ ਕਾਨੂੰਨ ਬਾਰੇ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸੌਂਪੇ ਗਏ ਜਵਾਬ ਬਾਰੇ ਕਿਹਾ ਕਿ ਸਰਕਾਰ ਦੇ ਜਵਾਬ ਤੋਂ ਇਹ ਸਪੱਸ਼ਟ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭੇਜੀ ਗਈ ਭਾਵਨਾ ਅਨੁਸਾਰ ਕਾਨੂੰਨ ਵਿੱਚ ਵਧੇਰੀ ਸੋਧ ਕਰਨ ਨੂੰ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ 29 ਜੂਨ 2026 ਨੂੰ ਪੰਜਾਬ ਵਿਧਾਨ ਸਭਾ ਦੇ ਸਿੱਖ ਵਿਧਾਇਕ ਅਤੇ ਕੈਬਨਿਟ ਮੰਤਰੀ ਅਕਾਲ ਤਖ਼ਤ ਸਾਹਿਬ ਵਿਖੇ ਜੋ ਸਹਿਮਤੀ ਦੇ ਕੇ ਗਏ ਸਨ, ਸਰਕਾਰ ਦੇ ਜਵਾਬ ਵਿੱਚ ਉਸ ਦੀ ਭਾਵਨਾ ਪੂਰੀ ਨਹੀਂ ਹੁੰਦੀ। ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭੇਜੇ ਇਤਰਾਜ਼ਾਂ ਅਤੇ ਨੁਕਤਿਆਂ ਵਿੱਚੋਂ ਕੇਵਲ ਇੱਕ ਗੱਲ ਹੀ ਮੰਨੀ ਹੈ ਜਦਕਿ ਬਾਕੀਆਂ ਉੱਤੇ ਅਜੇ ਵੀ ਅੜੀਅਲ ਰਵੱਈਆ ਅਖਤਿਆਰ ਕੀਤਾ ਹੈ ਅਤੇ ਜਵਾਬ ਭੇਜਣ ਤੋਂ ਪਹਿਲਾਂ ਸਰਕਾਰ ਨੇ ਸਮੇਂ ਸਿਰ ਤਾਲਮੇਲ ਦਾ ਰਾਹ ਵੀ ਨਹੀਂ ਖੋਲ੍ਹਿਆ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਭੇਜਿਆ ਗਿਆ ਜਵਾਬ ਤਸੱਲੀਬਖਸ਼ ਨਹੀਂ ਹੈ, ਇਸ ਲਈ ਇਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਜੇਕਰ ਸਰਕਾਰ ਨੇ ਕਾਨੂੰਨ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਅਗਾਂਹ ਗੱਲ ਵਧਾਉਣੀ ਹੈ ਤਾਂ ਇਸ ਲਈ ਇੱਕ ਕਮੇਟੀ ਗਠਤ ਕੀਤੀ ਗਈ ਹੈ, ਜਿਸ ਵਿੱਚ ਜਸਟਿਸ (ਸੇਵਾਮੁਕਤ) ਰੁਪਿੰਦਰ ਸਿੰਘ ਸੋਢੀ, ਜਸਟਿਸ (ਸੇਵਾਮੁਕਤ) ਮੋਹਿੰਦਰ ਮੋਹਨ ਸਿੰਘ ਬੇਦੀ, ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ, ਸਿੱਖ ਵਿਦਵਾਨ ਡਾ. ਕੇਹਰ ਸਿੰਘ ਪਟਿਆਲਾ, ਪ੍ਰੋ. ਜਗਮੋਹਨ ਸਿੰਘ ਲੁਧਿਆਣਾ ਅਤੇ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਸਬ-ਦਫ਼ਤਰ ਵਿਖੇ ਸਕੱਤਰ ਲਖਵੀਰ ਸਿੰਘ ਕੋਆਰਡੀਨੇਟਰ ਵਜੋਂ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣਾਈ ਕਮੇਟੀ ਨਾਲ ਰਾਬਤਾ ਕਾਇਮ ਕਰਕੇ ਕਾਨੂੰਨ ਸਬੰਧੀ ਸਹਿਮਤੀ ਬਣਾ ਲਵੇ ਅਤੇ ਇਹ ਕਾਰਜ ਦੋ ਮਹੀਨਿਆਂ ਦੇ ਵਿੱਚ-ਵਿੱਚ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੰਵਾਦ ਦਾ ਰਾਹ ਅਜੇ ਵੀ ਖੁੱਲ੍ਹਾ ਹੈ ਪਰ ਸਰਕਾਰ ਸਾਫ਼ ਨਿਯਤ ਨਾਲ ਅੱਗੇ ਵਧੇ ਨਾ ਕਿਸੇ ਤਰ੍ਹਾਂ ਦੀ ਚਲਾਕੀ ਵਰਤੇ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ 29 ਜੂਨ 2026 ਨੂੰ ਜਦੋਂ ਸਮੂਹ ਸਿੱਖ ਵਿਧਾਇਕ ਅਤੇ ਕੈਬਨਿਟ ਮੰਤਰੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਏ ਸਨ ਉਦੋਂ ਉਨ੍ਹਾਂ ਨੂੰ ਸਿੱਖ ਭਾਵਨਾ ਦਾ ਮਸਲਾ ਗੰਭੀਰਤਾ ਨਾਲ ਸਮਝਾਇਆ ਗਿਆ ਸੀ ਅਤੇ ਉਨ੍ਹਾਂ ਨੇ ਚੁੱਕੇ ਗਏ ਇਤਰਾਜ਼ਾਂ ਨੂੰ ਦੂਰ ਕਰਨ ਲਈ ਅਰਦਾਸ ਉਪਰੰਤ ਪੰਜ ਜੈਕਾਰੇ ਲਗਾ ਕੇ ਬਾਹਾਂ ਖੜ੍ਹੀਆਂ ਕਰਕੇ ਸਹਿਮਤੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਕਸਟੋਡੀਅਨ ਦੀਆਂ ਦੋਵੇਂ ਮੱਦਾਂ ਹਟਾਉਣ ਉੱਤੇ ਸਹਿਮਤੀ ਬਣੀ ਸੀ ਪਰੰਤੂ ਸਰਕਾਰ ਦੇ ਜਵਾਬ ਵਿੱਚ ਅਜਿਹਾ ਕੁਝ ਨਹੀਂ ਬਲਕਿ ਐਕਟ ਸਬੰਧੀ ਬਣਾਏ ਜਾ ਰਹੇ ਨਿਯਮਾਂ ਦੇ ਹਵਾਲੇ ਨਾਲ ਇਨ੍ਹਾਂ ਮੱਦਾਂ ਦੀ ਵਕਾਲਤ ਹੀ ਕੀਤੀ ਗਈ ਹੈ। ਜੇਕਰ ਸਰਕਾਰ ਦੇ ਨੁਮਾਇੰਦੇ ਦਿੱਤੀ ਸਹਿਮਤੀ ਤੋਂ ਪਿੱਛੇ ਹਟਦੇ ਹਨ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਇਸ ਦਾ ਕਰੜਾ ਨੋਟਿਸ ਲਵੇਗਾ ਅਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਮੂਹ ਸਿੱਖ ਵਿਧਾਇਕਾਂ ਅਤੇ ਮੰਤਰੀਆਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਬਤੌਰ ਸਿੱਖ ਆਪਣਾ ਫਰਜ਼ ਪਛਾਨਣ ਅਤੇ ਸਰਕਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦਰਜ ਕਰਵਾਈਆਂ ਸਿੱਖ ਭਾਵਨਾਵਾਂ ਅਨੁਸਾਰ ਕਾਨੂੰਨ ਵਿੱਚ ਸੋਧ ਕਰਨ ਲਈ ਆਖਣ।



ਉਨ੍ਹਾਂ ਕਿਹਾ ਕਿ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਆ ਕੇ ਆਦੇਸ਼ ਮੰਨ ਲਏ ਜਾਂਦੇ ਹਨ ਤਾਂ ਉਸ ਦੀ ਭਾਵਨਾ ਅਨੁਸਾਰ ਕਾਰਜ ਮੁਕੰਮਲ ਕਰਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਗੱਲਾਂ ਮੰਨ ਕੇ ਚਲਾਕੀ ਨਹੀਂ ਕੀਤੀ ਜਾ ਸਕਦੀ। ਸਰਕਾਰ ਬੇਅਦਬੀ ਦੇ ਦੋਸ਼ੀ ਲਈ ਸਜ਼ਾ ਤੈਅ ਕਰ ਸਕਦੀ ਹੈ ਲੇਕਿਨ ਬਾਕੀ ਕਾਨੂੰਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਪਹਿਲਾਂ ਹੀ ਰੱਦ ਕਰ ਚੁੱਕਾ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਕਸਟੋਡੀਅਨ ਤੈਅ ਕਰਨਾ ਸਰਕਾਰ ਦਾ ਅਧਿਕਾਰ ਖੇਤਰ ਨਹੀਂ ਹੈ, ਸਰਕਾਰ ਦਾ ਅਧਿਕਾਰ ਕੇਵਲ ਬੇਅਦਬੀ ਕਰਨ ਵਾਲੇ ਦੋਸ਼ੀ ਨੂੰ ਸਜ਼ਾ ਦੇਣ ਦਾ ਹੈ ਉਹ ਭਾਵੇਂ ਜਿੰਨੀ ਵੀ ਸਖ਼ਤ ਹੋਵੇ ਇਸ ਉੱਤੇ ਕੋਈ ਇਤਰਾਜ਼ ਨਹੀਂ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕਸਟੋਡੀਅਨ ਦੀ ਜੋ ਵਿਆਖਿਆ ਕੀਤੀ ਹੈ ਉਸ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲੋੜ ਨਹੀਂ। ਉਨ੍ਹਾਂ ਸਪੱਸ਼ਟ ਕੀਤਾ ਕਿ ਕਸਟੋਡੀਅਨ ਦੀਆਂ ਦੋਵੇਂ ਮੱਦਾਂ ਹਟਾਈਆਂ ਜਾਣ ਕਿਉਂਕਿ ਧਰਮ ਵਿੱਚ ਦਖਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜਥੇਦਾਰ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਨੂੰ ਯੂਨੀਕ ਨੰਬਰ ਲਗਾਉਣ ਦਾ ਮਾਮਲਾ ਵੀ ਸਰਕਾਰ ਨਹੀਂ ਤੈਅ ਕਰ ਸਕਦੀ। ਪਾਵਨ ਬੀੜਾਂ ਦਾ ਰਿਕਾਰਡ ਵੈੱਬਸਾਈਟ ਉੱਤੇ ਕਿਵੇਂ ਪਾਉਣਾ ਜਾਂ ਕੇਂਦਰੀ ਰਜਿਸਟਰ ਕਿਵੇਂ ਰੱਖਣਾ ਹੈ, ਇਹ ਵੀ ਪੰਜਾਬ ਸਰਕਾਰ ਤੈਅ ਨਹੀਂ ਕਰ ਸਕਦੀ ਕਿਉਂਕਿ ਇਹ ਸ਼੍ਰੋਮਣੀ ਕਮੇਟੀ ਦੀ ਅੰਦਰੂਨੀ ਪ੍ਰਬੰਧਕੀ ਪ੍ਰਣਾਲੀ ਦਾ ਹਿੱਸਾ ਹੈ ਜਿਸ ਦਾ ਪਹਿਲਾਂ ਹੀ ਸੰਸਥਾ ਵੱਲੋਂ ਉਚਿਤ ਪ੍ਰਬੰਧ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਦਰਜ ਕੀਤੇ ਗਏ ਜਵਾਬ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਕੋਈ ਡੇਰਾ ਮੁਖੀ ਆਪਣੇ ਪੈਰੋਕਾਰ ਨੂੰ ਉਕਸਾ ਕੇ ਬੇਅਦਬੀ ਕਰਵਾਉਂਦਾ ਹੈ ਤਾਂ ਐਕਟ ਦੀ ਕਸਟੋਡੀਅਨ ਧਾਰਾ 2 (1) (ਏਏ) ਤਹਿਤ ਉਸ ਨੂੰ ਵੀ ਕਸਟੋਡੀਅਨ ਮੰਨਿਆ ਜਾਵੇਗਾ, ਜਦਕਿ ਐਕਟ ਅਨੁਸਾਰ ਕਸਟੋਡੀਅਨ ਉਹ ਹੈ ਜਿਸ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਹੈ। ਇਹ ਸਰਕਾਰ ਦੇ ਜਵਾਬ ਵਿੱਚ ਗੰਭੀਰ ਉਕਾਈ ਹੈ ਜਿਸ ਦੇ ਨਤੀਜਿਆਂ ਦੀ ਪਹਿਲਾਂ ਤੋਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੇਸ਼ੀਨਗੋਈ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜਿਹੜਾ ਬੇਅਦਬੀ ਕਰ ਰਿਹਾ ਹੈ ਉਹ ਕਸਟੋਡੀਅਨ ਕਿਵੇਂ ਹੋ ਸਕਦਾ ਹੈ? ਉਨ੍ਹਾਂ ਕਿਹਾ ਕਿ ਬੇਅਦਬੀ ਦੇ ਕੇਸਾਂ ਵਿੱਚ ਇਨਸਾਫ਼ ਫਾਸਟ ਟ੍ਰੈਕ ਅਦਾਲਤਾਂ ਰਾਹੀਂ ਕਰਨ ਸਬੰਧੀ ਸਰਕਾਰ ਨੇ ਕਿਹਾ ਹੈ ਕਿ ਉਹ ਸਮੇਂ ਸਿਰ ਕਦਮ ਚੁੱਕੇਗੀ ਪਰੰਤੂ ਇਸ ਬਾਰੇ ਮੱਦ ਐਕਟ ਵਿੱਚ ਸ਼ਾਮਲ ਹੋਣੀ ਲਾਜ਼ਮੀ ਹੈ। ਪੰਜਾਬ ਵਿਧਾਨ ਸਭਾ ਦੇ ਸਮੂਹ ਸਿੱਖ ਵਿਧਾਇਕਾਂ ਅਤੇ ਕੈਬਨਿਟ ਮੰਤਰੀਆਂ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਤਾਕੀਦ ਕੀਤੀ ਕਿ ਉਹ ਵਿਧਾਨ ਸਭਾ ਵਿੱਚ 03 ਅਗਸਤ ਤੋਂ ਸ਼ੁਰੂ ਹੋਣ ਵਾਲੇ ਸੈਸ਼ਨ ਵਿੱਚ ਇਹ ਯਕੀਨੀ ਬਣਾਉਣ ਕਿ ਜਦੋਂ ਤੱਕ ਬੇਅਦਬੀ ਕਾਨੂੰਨ ਦੇ ਮਸਲੇ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਨਾਲ ਸਹਿਮਤੀ ਨਹੀਂ ਬਣ ਜਾਂਦੀ ਉਦੋਂ ਤੱਕ ਇਸ ਉੱਤੇ ਕੋਈ ਚਰਚਾ ਨਾ ਹੋਵੇ ਅਤੇ ਕਾਨੂੰਨ ਵਿੱਚ ਵਧੇਰੀ ਸੋਧ ਨੂੰ ਕੋਈ ਸਹਿਮਤੀ ਨਾ ਦੇਣ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਰਕਾਰ ਦੱਸੇ ਕਿ ਉਸ ਦੇ ਕਿਹੜੇ ਗੁਪਤ ਸਲਾਹਕਾਰ ਹਨ ਜਿਨ੍ਹਾਂ ਪਾਸੋਂ ਉਹ ਸਲਾਹ ਲੈ ਰਹੀ ਹੈ ਜਦਕਿ ਵਿਧਾਇਕਾਂ ਅਤੇ ਮੰਤਰੀਆਂ ਨੂੰ ਉਨ੍ਹਾਂ ਨੇ 29 ਜੂਨ ਨੂੰ ਸਪੱਸ਼ਟ ਕਿਹਾ ਸੀ ਕਿ ਉਨ੍ਹਾਂ ਦਾ ਮੋਬਾਈਲ ਹਰ ਵੇਲੇ ਚਾਲੂ ਹੈ ਸਰਕਾਰ ਜਦੋਂ ਚਾਹੇ ਸੰਪਰਕ ਕਰਕੇ ਸਲਾਹ ਕਰ ਸਕਦੀ ਹੈ ਪਰ ਅਜਿਹਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮਸਲਾ ਸਿੱਖਾਂ ਨੂੰ ਬੇਅਦਬੀ ਦਾ ਇਨਸਾਫ਼ ਦੇਣ ਦਾ ਹੈ ਖ਼ਾਸਕਰ 2015 ਨਾਲ ਸਬੰਧਤ ਬੇਅਦਬੀ ਮਾਮਲਿਆਂ ਵਿੱਚ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਗ੍ਰਿਫ਼ਤਾਰ ਕਰਕੇ ਪੰਜਾਬ ਲਿਆਂਦਾ ਜਾਵੇ। ਬਰਗਾੜੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਦਿੱਤੀ ਗਈ ਅਤੇ ਨਾ ਹੀ ਬੇਅਦਬੀ ਨਾਲ ਸਬੰਧਤ ਕੇਸ ਜੋ ਪੰਜਾਬ ਤੋਂ ਬਾਹਰ ਤਬਦੀਲ ਹੋਏ ਉਨ੍ਹਾਂ ਕੇਸਾਂ ਨੂੰ ਵਾਪਸ ਲਿਆਉਣ ਲਈ ਕੋਈ ਕਾਰਵਾਈ ਕੀਤੀ ਗਈ ਹੈ। ਮੌੜ ਬੰਬ ਧਮਾਕੇ ਦੇ ਦੋਸ਼ੀਆਂ ਨੂੰ ਅੱਜ ਤੱਕ ਨਹੀਂ ਫੜਿਆ ਗਿਆ ਤੇ ਪੀੜਤਾਂ ਨੂੰ ਇਨਸਾਫ਼ ਨਹੀਂ ਮਿਲਿਆ।

# ਅਦਾਲਤ ਨੇ ਜਾਰੀ ਕੀਤੇ ਹੁਕਮ: ਅਮਰੀਕਾ ਤੋਂ ਇਕ ਹੋਰ ਭਾਰਤੀ ਨਾਗਰਿਕ ਹੋਵੇਗਾ ਡਿਪੋਰਟ!

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਦੀ ਇੱਕ ਫੈਡਰਲ ਅਦਾਲਤ ਨੇ ਵੀਜ਼ਾ ਧੋਖਾਧੜੀ ਅਤੇ ਹਥਿਆਰਬੰਦ ਲੁੱਟ-ਖੋਹ ਦੀ ਸਾਜਿਸ਼ ਰਚਣ ਦੇ ਦੋਸ਼ ਵਿੱਚ ਇੱਕ ਭਾਰਤੀ ਨਾਗਰਿਕ ਨੂੰ ਇੱਕ ਦਿਨ ਦੀ ਕੈਦ, 1,000 ਅਮਰੀਕੀ ਡਾਲਰ ਜੁਰਮਾਨਾ ਲਗਾਇਆ ਅਤੇ ਨਾਲ ਹੀ ਦੇਸ਼ ਵਿੱਚੋਂ ਬਾਹਰ ਕੱਢਣ ਦਾ ਹੁਕਮ ਦਿੱਤਾ। ਮੈਸਾਚੂਸੇਟਸ ਦੇ ਵਰਸੇਸਟਰ ਦੇ ਰਹਿਣ ਵਾਲੇ 40 ਸਾਲਾ ਮਿਤੁਲ ਪਟੇਲ ਅਤੇ 10 ਹੋਰ ਲੋਕਾਂ ਨੇ ਬੋਸਟਨ ਦੀ ਅਦਾਲਤ ਵਿੱਚ ਆਪਣਾ ਗੁਨਾਹ ਕਬੂਲ ਕਰ ਲਿਆ ਸੀ।

ਪਟੇਲ ਉਸ ਸਾਜ਼ਿਸ਼ ਦਾ ਹਿੱਸਾ ਸੀ, ਜਿਸ ਤਹਿਤ ਸਟੋਰਾਂ ਵਿੱਚ ਜਾਅਲੀ ਲੁੱਟਾਂ-ਖੋਹਾਂ ਕਰਵਾਈਆਂ ਜਾਂਦੀਆਂ ਸਨ ਤਾਂ ਜੋ ਉੱਥੇ ਕੰਮ ਕਰਨ ਵਾਲੇ ਕਰਮਚਾਰੀ ਖੁਦ ਨੂੰ ਅਪਰਾਧ ਦਾ ਸ਼ਿਕਾਰ ਦੱਸ ਕੇ ਅਮਰੀਕੀ ਵੀਜ਼ਾ ਹਾਸਲ ਕਰ ਸਕਣ। ਜਾਂਚ ਮੁਤਾਬਕ ਇਹ ਸਾਰੀ ਸਾਜਿਸ਼ 'ਯੂ ਵੀਜ਼ਾ' ਪ੍ਰਾਪਤ ਕਰਨ ਲਈ ਰਚੀ ਗਈ ਸੀ। ਇੱਥੇ ਦੱਸ ਦਈਏ ਯੂ-ਵੀਜ਼ਾ ਉਨ੍ਹਾਂ ਲੋਕਾਂ ਨੂੰ ਮਿਲਦਾ ਹੈ ਜੋ ਕਿਸੇ ਗੰਭੀਰ ਅਪਰਾਧ ਦਾ ਸ਼ਿਕਾਰ ਹੋਏ ਹੋਣ ਅਤੇ ਜਾਂਚ ਵਿੱਚ ਪੁਲਿਸ ਦੀ ਮਦਦ ਕਰਦੇ ਹੋਣ।




ਮਿਤੁਲ ਪਟੇਲ ਨੇ ਅਕਤੂਬਰ 2023 ਵਿੱਚ ਇੱਕ ਸਟੋਰ ਵਿੱਚ ਹੋਈ ਜਾਅਲੀ ਲੁੱਟ ਦੌਰਾਨ "ਪੀੜਤ" ਬਣਨ ਲਈ ਮੁੱਖ ਸਾਜ਼ਿਸ਼ਕਰਤਾ ਰਾਮਭਾਈ ਪਟੇਲ ਨੂੰ ਪੈਸੇ ਦਿੱਤੇ ਸਨ। ਸਾਜ਼ਿਸ਼ ਤਹਿਤ ਇੱਕ ਨਕਲੀ ਲੁਟੇਰਾ ਸਟੋਰ ਵਿੱਚ ਦਾਖਲ ਹੁੰਦਾ ਅਤੇ ਹਥਿਆਰ ਦਿਖਾ ਕੇ ਨਕਦੀ ਖੋਹ ਲੈਂਦਾ, ਜਦਕਿ ਇਹ ਸਾਰੀ ਘਟਨਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਜਾਂਦੀ ਸੀ।

ਲੁਟੇਰੇ ਦੇ ਜਾਣ ਤੋਂ ਕੁਝ ਦੇਰ ਬਾਅਦ ਕਰਮਚਾਰੀ ਪੁਲਿਸ ਨੂੰ ਫੋਨ ਕਰਦੇ ਸਨ ਤਾਂ ਜੋ ਰਿਕਾਰਡ ਵਿੱਚ ਇਸਨੂੰ ਅਸਲੀ ਅਪਰਾਧ ਦਿਖਾਇਆ ਜਾ ਸਕੇ। ਰਾਮਭਾਈ ਪਟੇਲ ਇਸ ਕੰਮ ਲਈ ਸਟੋਰ ਮਾਲਕਾਂ ਨੂੰ ਵੀ ਪੈਸੇ ਦਿੰਦਾ ਸੀ। ਇਸ ਸਾਜ਼ਿਸ਼ ਦੇ ਮੁੱਖ ਸੰਚਾਲਕ ਰਾਮਭਾਈ ਪਟੇਲ ਅਤੇ ਲੁਟੇਰੇ ਦੇ ਤੌਰ 'ਤੇ ਕੰਮ ਕਰਨ ਵਾਲੇ ਬਲਵਿੰਦਰ ਸਿੰਘ ਨੂੰ ਪਹਿਲਾਂ ਹੀ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ।

Space available for Ad
Contact # +1 (209) 303-1260
Contact # +91 81463-20009

## ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
**ਫੋਨ : (559) 653-8130, 774-243-4154**

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

### e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# TAKE CONTROL OF YOUR HEALTH!

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# ਸਕ੍ਰੀਨ ਦੀ ਗੁਲਾਮੀ: ਗਵਾਚਦੀ ਇਕਾਗਰਤਾ ਅਤੇ ਮਾਨਸਿਕ ਤਣਾਅ



ਕੁਲਬੀਰ ਸ਼ਰਮਾ
ਪਿੰਡ ਅਤੇ ਡਾਕ: ਝਬੇਲਵਾਲੀ
ਸ੍ਰੀ ਮੁਕਤਸਰ ਸਾਹਿਬ, ਪੰਜਾਬ
8427212104

ਅੱਜ ਦੇ ਸਮੇਂ ਵਿੱਚ ਮਨੁੱਖੀ ਜੀਵਨ ਜਿੰਨਾ ਤਕਨਾਲੋਜੀ 'ਤੇ ਨਿਰਭਰ ਹੋ ਗਿਆ ਹੈ, ਉਸ ਦੀ ਕਲਪਨਾ ਅੱਜ ਤੋਂ ਦੋ ਦਹਾਕੇ ਪਹਿਲਾਂ ਕਰਨੀ ਵੀ ਔਖੀ ਸੀ। ਸਮਾਰਟਫ਼ੋਨ, ਲੈਪਟਾਪ, ਟੈਬਲੇਟ ਅਤੇ ਟੈਲੀਵਿਜ਼ਨ ਵਰਗੇ ਡਿਜੀਟਲ ਸਾਧਨਾਂ ਨੇ ਸਾਡੇ ਕੰਮ-ਕਾਰ, ਸਿੱਖਿਆ, ਸੰਚਾਰ ਅਤੇ ਮਨੋਰੰਜਨ ਨੂੰ ਬਹੁਤ ਸੁਖਾਲਾ ਅਤੇ ਤੇਜ਼ ਬਣਾ ਦਿੱਤਾ ਹੈ। ਪਰ ਇਸ ਸੁਵਿਧਾ ਦੇ ਨਾਲ-ਨਾਲ ਇੱਕ ਅਦ੍ਰਿਸ਼ ਸਮੱਸਿਆ ਨੇ ਵੀ ਸਾਡੇ ਸਮਾਜ ਨੂੰ ਆਪਣੀ ਜਕੜ ਵਿੱਚ ਲੈ ਲਿਆ ਹੈ, ਜਿਸ ਨੂੰ ਅਸੀਂ 'ਸਕ੍ਰੀਨ ਦੀ ਗੁਲਾਮੀ' ਕਹਿ ਸਕਦੇ ਹਾਂ। ਅੱਜ ਸਵੇਰੇ ਅੱਖ ਖੁੱਲ੍ਹਣ ਤੋਂ ਲੈ ਕੇ ਰਾਤ ਨੂੰ ਸੌਣ ਤੱਕ ਮਨੁੱਖ ਦਾ ਵੱਡਾ ਹਿੱਸਾ ਕਿਸੇ ਨਾ ਕਿਸੇ ਸਕ੍ਰੀਨ ਦੇ ਸਾਹਮਣੇ ਬੀਤਦਾ ਹੈ। ਇਸ ਨਿਰੰਤਰ ਵਰਤੋਂ ਨੇ ਸਾਡੀ ਮਾਨਸਿਕ ਸਿਹਤ, ਇਕਾਗਰਤਾ, ਸਰੀਰਕ ਤੰਦਰੁਸਤੀ ਅਤੇ ਆਪਸੀ ਰਿਸ਼ਤਿਆਂ 'ਤੇ ਡੂੰਘਾ ਅਤੇ ਚਿੰਤਾਜਨਕ ਪ੍ਰਭਾਵ ਪਾਇਆ ਹੈ।

ਡਿਜੀਟਲ ਦੌਰ ਦੀ ਸਭ ਤੋਂ ਵੱਡੀ ਮਾਰ ਸਾਡੀ ਸੋਚਣ ਅਤੇ ਧਿਆਨ ਕੇਂਦਰਿਤ ਕਰਨ ਦੀ ਸਮਰੱਥਾ 'ਤੇ ਪਈ ਹੈ। ਸੋਸ਼ਲ ਮੀਡੀਆ 'ਤੇ 'ਰੀਲਾਂ' ਅਤੇ ਛੋਟੀਆਂ ਵੀਡੀਓਜ਼ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ। ਕੁਝ ਸੈਕਿੰਡਾਂ ਦੀਆਂ ਇਹ ਵੀਡੀਓਜ਼ ਦਿਮਾਗ ਵਿੱਚ ਡੋਪਾਮੀਨ ਵਰਗੇ ਰਸਾਇਣ ਦੀ ਮਾਤਰਾ ਨੂੰ ਵਧਾਉਂਦੀਆਂ ਹਨ, ਜਿਸ ਕਾਰਨ ਦਿਮਾਗ ਹਰ ਵੇਲੇ ਨਵੀਂ ਜਾਣਕਾਰੀ ਅਤੇ ਮਨੋਰੰਜਨ ਦੀ ਉਮੀਦ ਕਰਨ ਲੱਗ ਪੈਂਦਾ ਹੈ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਲੰਬੇ ਸਮੇਂ ਤੱਕ ਇੱਕ ਕੰਮ 'ਤੇ ਧਿਆਨ ਕੇਂਦਰਿਤ ਕਰਨਾ ਔਖਾ ਹੋ ਜਾਂਦਾ ਹੈ। ਕਿਤਾਬ ਪੜ੍ਹਨਾ, ਗੰਭੀਰ ਲੇਖ ਸਮਝਣਾ ਜਾਂ ਕਿਸੇ ਵਿਸ਼ੇ 'ਤੇ ਲਗਾਤਾਰ ਸੋਚਣਾ ਬਹੁਤ ਸਾਰੇ ਲੋਕਾਂ ਲਈ ਮੁਸ਼ਕਲ ਬਣਦਾ ਜਾ ਰਿਹਾ ਹੈ। ਵਿਦਿਆਰਥੀਆਂ ਵਿੱਚ ਇਹ ਸਮੱਸਿਆ ਹੋਰ ਵੀ ਗੰਭੀਰ ਹੈ। ਪੜ੍ਹਾਈ ਦੌਰਾਨ ਹਰ ਕੁਝ ਮਿੰਟਾਂ ਬਾਅਦ ਮੋਬਾਈਲ ਦੀ ਨੋਟੀਫ਼ਿਕੇਸ਼ਨ ਦੇਖਣ ਦੀ ਆਦਤ ਉਨ੍ਹਾਂ ਦੀ ਇਕਾਗਰਤਾ ਅਤੇ ਯਾਦ ਰੱਖਣ ਦੀ ਸਮਰੱਥਾ ਨੂੰ ਪ੍ਰਭਾਵਿਤ ਕਰ ਰਹੀ ਹੈ।

ਸਕ੍ਰੀਨ ਨਾਲ ਲਗਾਤਾਰ ਜੁੜੇ ਰਹਿਣ ਦਾ ਦੂਜਾ ਵੱਡਾ ਨੁਕਸਾਨ ਮਾਨਸਿਕ ਤਣਾਅ ਅਤੇ ਚਿੰਤਾ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ। ਸੋਸ਼ਲ ਮੀਡੀਆ ਇੱਕ ਅਜਿਹੀ ਦੁਨੀਆ ਪੇਸ਼ ਕਰਦਾ ਹੈ, ਜਿੱਥੇ ਲੋਕ ਆਪਣੀ ਜ਼ਿੰਦਗੀ ਦੇ ਸਿਰਫ਼ ਖੁਸ਼ਗਵਾਰ ਅਤੇ ਸਫ਼ਲ ਪਲ ਹੀ ਸਾਂਝੇ ਕਰਦੇ ਹਨ। ਜਦੋਂ ਕੋਈ ਵਿਅਕਤੀ ਲਗਾਤਾਰ ਦੂਜਿਆਂ ਦੀ ਇਸ ਚਮਕਦਾਰ ਜ਼ਿੰਦਗੀ ਨੂੰ ਦੇਖਦਾ ਹੈ, ਤਾਂ ਉਹ ਅਣਜਾਣੇ ਹੀ ਆਪਣੀ ਜ਼ਿੰਦਗੀ ਦੀ ਤੁਲਨਾ ਕਰਨ ਲੱਗ ਪੈਂਦਾ ਹੈ। ਇਹ ਰੁਝਾਨ ਹੀਣ-ਭਾਵਨਾ, ਚਿੰਤਾ ਅਤੇ ਅਸੰਤੁਸ਼ਟੀ ਨੂੰ ਜਨਮ ਦੇ ਸਕਦਾ ਹੈ। ਇਸ ਤੋਂ ਇਲਾਵਾ, ਆਨਲਾਈਨ ਸੈਂਕੜੇ ਦੋਸਤ ਹੋਣ ਦੇ ਬਾਵਜੂਦ ਅਸਲ ਜ਼ਿੰਦਗੀ ਵਿੱਚ ਲੋਕ ਪਹਿਲਾਂ ਨਾਲੋਂ ਵੱਧ ਇਕੱਲੇ ਮਹਿਸੂਸ ਕਰ ਰਹੇ ਹਨ। ਆਹਮੋ-ਸਾਹਮਣੇ ਗੱਲਬਾਤ ਦੀ ਥਾਂ ਸੁਨੇਹਿਆਂ ਅਤੇ ਇਮੋਜੀਆਂ ਨੇ ਲੈ ਲਈ ਹੈ, ਜਿਸ ਨਾਲ ਭਾਵਨਾਤਮਕ ਸਾਂਝ ਅਤੇ ਰਿਸ਼ਤਿਆਂ ਦੀ ਗਹਿਰਾਈ ਘਟਦੀ ਜਾ ਰਹੀ ਹੈ। ਸਕ੍ਰੀਨ ਦੀ ਬੇਹੱਦ ਵਰਤੋਂ ਦਾ ਅਸਰ ਸਾਡੀ ਨੀਂਦ ਅਤੇ ਸਰੀਰਕ ਸਿਹਤ 'ਤੇ ਵੀ ਪੈਂਦਾ ਹੈ। ਰਾਤ ਨੂੰ ਸੌਣ ਤੋਂ ਪਹਿਲਾਂ ਮੋਬਾਈਲ ਦੀ ਵਰਤੋਂ ਕਰਨਾ ਸਭ ਤੋਂ ਵੱਧ ਨੁਕਸਾਨਦੇਹ ਆਦਤਾਂ ਵਿੱਚੋਂ ਇੱਕ ਹੈ। ਸਕ੍ਰੀਨਾਂ ਵਿੱਚੋਂ ਨਿਕਲਣ ਵਾਲੀ ਨੀਲੀ ਰੋਸ਼ਨੀ ਸਰੀਰ ਵਿੱਚ ਮੈਲਾਟੋਨਿਨ ਹਾਰਮੋਨ ਦੇ ਬਣਨ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦੀ ਹੈ, ਜੋ ਕੁਦਰਤੀ ਨੀਂਦ ਲਈ ਮਹੱਤਵਪੂਰਨ ਹੈ। ਇਸ ਕਾਰਨ ਨੀਂਦ ਵਿੱਚ ਰੁਕਾਵਟ, ਸਿਰਦਰਦ, ਥਕਾਵਟ ਅਤੇ ਚਿੜਚਿੜਾਪਣ ਵਧ ਸਕਦੇ ਹਨ। ਇਸ ਦੇ ਨਾਲ ਹੀ ਲੰਬੇ ਸਮੇਂ ਤੱਕ ਇੱਕੋ ਥਾਂ ਬੈਠ ਕੇ ਮੋਬਾਈਲ ਜਾਂ ਲੈਪਟਾਪ ਦੀ ਵਰਤੋਂ ਕਰਨ ਨਾਲ ਗਰਦਨ ਅਤੇ ਪਿੱਠ ਦਾ ਦਰਦ, ਅੱਖਾਂ ਦੀ ਥਕਾਵਟ, ਮੋਟਾਪਾ ਅਤੇ ਸਰੀਰਕ ਸਰਗਰਮੀ ਵਿੱਚ ਕਮੀ ਵਰਗੀਆਂ ਸਮੱਸਿਆਵਾਂ ਵੀ ਵਧ ਰਹੀਆਂ ਹਨ। ਸਭ ਤੋਂ ਵੱਧ ਚਿੰਤਾ ਦੀ ਗੱਲ ਇਹ ਹੈ ਕਿ ਛੋਟੇ ਬੱਚੇ ਵੀ ਇਸ ਸਮੱਸਿਆ ਦੀ ਲਪੇਟ ਵਿੱਚ ਆ ਰਹੇ ਹਨ। ਜਿਨ੍ਹਾਂ ਦੇ ਹੱਥਾਂ ਵਿੱਚ ਖਿਡੌਣੇ, ਕਿਤਾਬਾਂ ਅਤੇ ਖੇਡਾਂ ਹੋਣੀਆਂ ਚਾਹੀਦੀਆਂ ਹਨ, ਉਨ੍ਹਾਂ ਦੇ ਹੱਥਾਂ ਵਿੱਚ ਮੋਬਾਈਲ ਫ਼ੋਨ ਹਨ। ਕਈ ਵਾਰ ਮਾਪੇ ਬੱਚਿਆਂ ਨੂੰ ਚੁੱਪ ਕਰਵਾਉਣ ਜਾਂ ਖਾਣਾ ਖੁਆਉਣ ਲਈ ਵੀ ਮੋਬਾਈਲ ਦਾ ਸਹਾਰਾ ਲੈਂਦੇ ਹਨ। ਇਹ ਆਦਤ ਅੱਗੇ ਚੱਲ ਕੇ ਬੱਚਿਆਂ ਵਿੱਚ ਚਿੜਚਿੜਾਪਣ, ਜ਼ਿੱਦੀ ਸੁਭਾਅ ਅਤੇ ਸਮਾਜਿਕ ਇਕਾਂਤ ਦਾ ਕਾਰਨ ਬਣ ਸਕਦੀ ਹੈ। ਦੂਜੇ ਪਾਸੇ, ਇੱਕੋ ਘਰ ਵਿੱਚ ਰਹਿੰਦੇ ਪਰਿਵਾਰਕ ਮੈਂਬਰ ਵੀ ਆਪਸ ਵਿੱਚ ਗੱਲਬਾਤ ਕਰਨ ਦੀ ਬਜਾਏ ਆਪਣੀਆਂ-ਆਪਣੀਆਂ ਸਕ੍ਰੀਨਾਂ ਵਿੱਚ ਰੁੱਝੇ ਰਹਿੰਦੇ ਹਨ, ਜਿਸ ਨਾਲ ਪਰਿਵਾਰਕ ਸਾਂਝ ਅਤੇ ਆਪਸੀ ਸਮਝ ਪ੍ਰਭਾਵਿਤ ਹੋ ਰਹੀ ਹੈ। ਤਕਨਾਲੋਜੀ ਨੂੰ ਪੂਰੀ ਤਰ੍ਹਾਂ ਨਕਾਰਿਆ ਨਹੀਂ ਜਾ ਸਕਦਾ, ਕਿਉਂਕਿ ਇਹ ਅੱਜ ਦੇ ਯੁੱਗ ਦੀ ਲੋੜ ਹੈ। ਪਰ ਇਸ ਦੀ ਸਮਝਦਾਰੀ ਨਾਲ ਅਤੇ ਸੀਮਤ ਵਰਤੋਂ ਕਰਨਾ ਸਮੇਂ ਦੀ ਮੰਗ ਹੈ। ਹਰ ਪਰਿਵਾਰ ਨੂੰ ਦਿਨ ਵਿੱਚ ਕੁਝ ਸਮਾਂ 'ਸਕ੍ਰੀਨ-ਮੁਕਤ ਸਮਾਂ' ਨਿਰਧਾਰਤ ਕਰਨਾ ਚਾਹੀਦਾ ਹੈ। ਰਾਤ ਨੂੰ ਸੌਣ ਤੋਂ ਘੱਟੋ-ਘੱਟ ਇੱਕ ਘੰਟਾ ਪਹਿਲਾਂ ਅਤੇ ਖਾਣਾ ਖਾਂਦੇ ਸਮੇਂ ਮੋਬਾਈਲ ਤੋਂ ਦੂਰ ਰਹਿਣ ਦੀ ਆਦਤ ਬਣਾਉਣੀ ਚਾਹੀਦੀ ਹੈ। ਬੱਚਿਆਂ ਨੂੰ ਮੈਦਾਨੀ ਖੇਡਾਂ, ਪੁਸਤਕ ਪੜ੍ਹਨ, ਸੰਗੀਤ, ਕਲਾ ਅਤੇ ਹੋਰ ਰਚਨਾਤਮਕ ਗਤੀਵਿਧੀਆਂ ਵੱਲ ਉਤਸ਼ਾਹਿਤ ਕਰਨਾ ਚਾਹੀਦਾ ਹੈ। ਤਕਨਾਲੋਜੀ ਮਨੁੱਖ ਦੀ ਸਹਾਇਕ ਹੋਣੀ ਚਾਹੀਦੀ ਹੈ, ਨਾ ਕਿ ਮਨੁੱਖ ਤਕਨਾਲੋਜੀ ਦਾ ਗੁਲਾਮ ਬਣੇ। ਜੇਕਰ ਅਸੀਂ ਸਮਾਂ ਰਹਿੰਦੇ ਸੁਚੇਤ ਨਾ ਹੋਏ, ਤਾਂ ਸਕ੍ਰੀਨ ਦੀ ਇਹ ਵਧਦੀ ਨਿਰਭਰਤਾ ਸਾਡੀ ਆਉਣ ਵਾਲੀ ਪੀੜ੍ਹੀ ਦੀ ਸੋਚਣ-ਸ਼ਕਤੀ, ਭਾਵਨਾਤਮਕ ਸੰਵੇਦਨਸ਼ੀਲਤਾ ਅਤੇ ਸਰੀਰਕ ਸਿਹਤ 'ਤੇ ਗੰਭੀਰ ਪ੍ਰਭਾਵ ਪਾ ਸਕਦੀ ਹੈ। ਇਸ ਲਈ ਲੋੜ ਹੈ ਕਿ ਅਸੀਂ ਡਿਜੀਟਲ ਦੁਨੀਆ ਦੀਆਂ ਸੁਵਿਧਾਵਾਂ ਦਾ ਲਾਭ ਤਾਂ ਉਠਾਈਏ, ਪਰ ਆਪਣੀ ਅਸਲ ਜ਼ਿੰਦਗੀ ਦੇ ਰਿਸ਼ਤਿਆਂ, ਕੁਦਰਤ, ਕਿਤਾਬਾਂ ਅਤੇ ਆਪਣੇ ਆਪ ਨਾਲ ਬਿਤਾਏ ਸਮੇਂ ਨੂੰ ਵੀ ਬਰਾਬਰ ਮਹੱਤਵ ਦੇਈਏ। ਇਹੀ ਸੰਤੁਲਨ ਸਾਨੂੰ ਤੰਦਰੁਸਤ, ਖੁਸ਼ਹਾਲ ਅਤੇ ਮਾਨਸਿਕ ਤੌਰ 'ਤੇ ਮਜ਼ਬੂਤ ਸਮਾਜ ਵੱਲ ਲੈ ਕੇ ਜਾ ਸਕਦਾ ਹੈ।







Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521

## ਡਤਾਈਵਰ ਵੀ ਜਿੰਦਗੀ ਦੇ 2 ਸਭ ਤੋਂ ਵੱਡੇ ਦੁਸ਼ਮਣ ਕੌਣ?

## ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330



SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਅੰਦੋਲਨ ਅਤੇ ਸਮਾਜਿਕ ਪਰਿਵਰਤਨ: ਉਮੀਦਾਂ ਬਨਾਮ ਨਤੀਜੇ

ਸਮਾਜ ਵਿੱਚ ਜਦੋਂ ਵੀ ਕਿਸੇ ਵਰਗ ਨਾਲ ਅਨਿਆਂ, ਅਸਮਾਨਤਾ ਜਾਂ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ, ਤਾਂ ਲੋਕ ਆਪਣੀ ਆਵਾਜ਼ ਬੁਲੰਦ ਕਰਨ ਲਈ ਅੰਦੋਲਨਾਂ ਦਾ ਸਹਾਰਾ ਲੈਂਦੇ ਹਨ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕਈ ਮਹੱਤਵਪੂਰਨ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤਬਦੀਲੀਆਂ ਅੰਦੋਲਨਾਂ ਦੀ ਬਦੌਲਤ ਸੰਭਵ ਹੋਈਆਂ ਹਨ। ਭਾਰਤ ਦੀ ਆਜ਼ਾਦੀ ਦੀ ਲੜਾਈ, ਔਰਤਾਂ ਨੂੰ ਵੋਟ ਦਾ ਅਧਿਕਾਰ ਮਿਲਣਾ, ਨਾਗਰਿਕ ਅਧਿਕਾਰਾਂ ਲਈ ਸੰਘਰਸ਼ ਅਤੇ ਵਾਤਾਵਰਣ ਸੁਰੱਖਿਆ ਦੇ ਅਭਿਆਨ ਇਸ ਦੀਆਂ ਪ੍ਰਮੁੱਖ ਉਦਾਹਰਨਾਂ ਹਨ। ਪਰ ਹਰ ਅੰਦੋਲਨ ਆਪਣੇ ਉਦੇਸ਼ਾਂ ਨੂੰ ਪੂਰੀ ਤਰ੍ਹਾਂ ਹਾਸਲ ਨਹੀਂ ਕਰ ਸਕਦਾ। ਇਸ ਲਈ ਇਹ ਸਵਾਲ ਮਹੱਤਵਪੂਰਨ ਹੈ ਕਿ ਅੰਦੋਲਨ ਸਮਾਜਿਕ ਪਰਿਵਰਤਨ ਵਿੱਚ ਕਿੰਨੇ ਸਫ਼ਲ ਹੁੰਦੇ ਹਨ ਅਤੇ ਉਮੀਦਾਂ ਤੇ ਨਤੀਜਿਆਂ ਵਿਚਕਾਰ ਕਿੰਨਾ ਅੰਤਰ ਰਹਿ ਜਾਂਦਾ ਹੈ।ਅੰਦੋਲਨਾਂ ਦਾ ਮੁੱਖ ਮਕਸਦ ਸਮਾਜ ਵਿੱਚ ਕਿਸੇ ਸਮੱਸਿਆ ਵੱਲ ਧਿਆਨ ਖਿੱਚਣਾ ਅਤੇ ਉਸ ਦੇ ਹੱਲ ਲਈ ਸਰਕਾਰ ਜਾਂ ਸਮਾਜ ਨੂੰ ਪ੍ਰੇਰਿਤ ਕਰਨਾ ਹੁੰਦਾ ਹੈ। ਜਦੋਂ ਕੋਈ ਮੁੱਦਾ ਲੰਮੇ ਸਮੇਂ ਤੱਕ ਅਣਡਿੱਠਾ ਰਹਿ ਜਾਂਦਾ ਹੈ, ਤਾਂ ਲੋਕ ਸੰਗਠਿਤ ਹੋ ਕੇ ਆਪਣੀ ਆਵਾਜ਼ ਉਠਾਉਂਦੇ ਹਨ। ਅਜਿਹੇ ਅੰਦੋਲਨ ਲੋਕਤੰਤਰ ਦੀ ਰੂਹ ਹਨ ਕਿਉਂਕਿ ਇਹ ਨਾਗਰਿਕਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਅਤੇ ਨੀਤੀਆਂ ਨੂੰ ਪ੍ਰਭਾਵਿਤ ਕਰਨ ਦਾ ਮੌਕਾ ਦਿੰਦੇ ਹਨ।ਕਈ ਅੰਦੋਲਨਾਂ ਨੇ ਸਮਾਜ ਵਿੱਚ ਇਤਿਹਾਸਕ ਬਦਲਾਅ ਲਿਆਏ ਹਨ। ਭਾਰਤ ਦਾ ਆਜ਼ਾਦੀ ਅੰਦੋਲਨ ਸਿਰਫ਼ ਰਾਜਨੀਤਿਕ ਆਜ਼ਾਦੀ ਤੱਕ ਸੀਮਿਤ ਨਹੀਂ ਸੀ, ਸਗੋਂ ਇਸ ਨੇ ਲੋਕਾਂ ਵਿੱਚ ਰਾਸ਼ਟਰੀ ਚੇਤਨਾ, ਏਕਤਾ ਅਤੇ ਸਵੈ-ਵਿਸ਼ਵਾਸ ਵੀ ਪੈਦਾ ਕੀਤਾ। ਇਸੇ ਤਰ੍ਹਾਂ ਦਲਿਤ ਅਧਿਕਾਰਾਂ, ਮਹਿਲਾ ਸਸ਼ਕਤੀਕਰਨ, ਸਿੱਖਿਆ ਦੇ ਅਧਿਕਾਰ ਅਤੇ ਵਾਤਾਵਰਣ ਸੰਭਾਲ ਨਾਲ ਜੁੜੇ ਅੰਦੋਲਨਾਂ ਨੇ ਸਮਾਜਿਕ ਸੋਚ ਨੂੰ ਬਦਲਣ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ।ਫਿਰ ਵੀ, ਹਰ ਅੰਦੋਲਨ ਆਪਣੀ ਮੰਜ਼ਿਲ ਤੱਕ ਨਹੀਂ ਪਹੁੰਚਦਾ। ਕਈ ਵਾਰ ਅੰਦੋਲਨਾਂ ਦੀਆਂ ਮੰਗਾਂ ਬਹੁਤ ਵਿਆਪਕ ਹੁੰਦੀਆਂ ਹਨ, ਪਰ ਨਤੀਜੇ ਸੀਮਿਤ ਰਹਿ ਜਾਂਦੇ ਹਨ। ਕਈ ਵਾਰ ਸਰਕਾਰ ਕੁਝ ਮੰਗਾਂ ਮੰਨ ਲੈਂਦੀ ਹੈ, ਪਰ ਉਨ੍ਹਾਂ ਨੂੰ ਲਾਗੂ ਕਰਨ ਵਿੱਚ ਦੇਰੀ ਜਾਂ ਕਮੀ ਰਹਿ ਜਾਂਦੀ ਹੈ। ਇਸ ਕਾਰਨ ਲੋਕਾਂ ਦੀਆਂ ਉਮੀਦਾਂ ਅਤੇ ਅਸਲ ਨਤੀਜਿਆਂ ਵਿਚਕਾਰ ਫ਼ਰਕ ਬਣਿਆ ਰਹਿੰਦਾ ਹੈ।ਅੱਜ ਦੇ ਸਮੇਂ ਵਿੱਚ ਸੋਸ਼ਲ ਮੀਡੀਆ ਨੇ ਅੰਦੋਲਨਾਂ ਦਾ ਰੂਪ ਵੀ ਬਦਲ ਦਿੱਤਾ ਹੈ। ਹੁਣ ਕੋਈ ਵੀ ਮੁੱਦਾ ਕੁਝ ਹੀ ਘੰਟਿਆਂ ਵਿੱਚ ਲੱਖਾਂ ਲੋਕਾਂ ਤੱਕ ਪਹੁੰਚ ਸਕਦਾ ਹੈ। ਇਸ ਨਾਲ ਜਾਗਰੂਕਤਾ ਵਧੀ ਹੈ, ਪਰ ਨਾਲ ਹੀ ਕਈ ਵਾਰ ਅੰਦੋਲਨ ਕੇਵਲ ਡਿਜ਼ਿਟਲ ਮੁਹਿੰਮਾਂ ਤੱਕ ਹੀ ਸੀਮਿਤ ਰਹਿ ਜਾਂਦੇ ਹਨ। ਆਨਲਾਈਨ ਸਮਰਥਨ ਹਮੇਸ਼ਾ ਜ਼ਮੀਨੀ ਪੱਧਰ 'ਤੇ ਤਬਦੀਲੀ ਵਿੱਚ ਨਹੀਂ ਬਦਲਦਾ। ਇਸ ਲਈ ਅਸਲ ਪਰਿਵਰਤਨ ਲਈ ਨਿਰੰਤਰ ਕੋਸ਼ਿਸ਼, ਸੰਗਠਨ ਅਤੇ ਸੰਵਾਦ ਦੀ ਲੋੜ ਹੁੰਦੀ ਹੈ।ਕਈ ਵਾਰ ਅੰਦੋਲਨ ਆਪਣੇ ਅਸਲ ਮੁੱਦੇ ਤੋਂ ਵੀ ਭਟਕ ਜਾਂਦੇ ਹਨ। ਰਾਜਨੀਤਿਕ ਦਖ਼ਲਅੰਦਾਜ਼ੀ, ਨਿੱਜੀ ਹਿੱਤ, ਹਿੰਸਾ ਜਾਂ ਗਲਤ ਜਾਣਕਾਰੀ ਕਾਰਨ ਲੋਕਾਂ ਦਾ ਭਰੋਸਾ ਘਟਦਾ ਹੈ। ਜੇ ਅੰਦੋਲਨ ਸ਼ਾਂਤੀਪੂਰਨ, ਤੱਥਾਂ 'ਤੇ ਆਧਾਰਿਤ ਅਤੇ ਲੋਕ-ਹਿਤ ਨੂੰ ਕੇਂਦਰ ਵਿੱਚ ਰੱਖ ਕੇ ਚਲਾਏ ਜਾਣ, ਤਾਂ ਉਨ੍ਹਾਂ ਦੀ ਭਰੋਸੇਯੋਗਤਾ ਅਤੇ ਪ੍ਰਭਾਵ ਦੋਵੇਂ ਵਧਦੇ ਹਨ।ਸਮਾਜਿਕ ਪਰਿਵਰਤਨ ਸਿਰਫ਼ ਕਾਨੂੰਨ ਬਣਾਉਣ ਨਾਲ ਨਹੀਂ ਆਉਂਦਾ, ਸਗੋਂ ਲੋਕਾਂ ਦੀ ਸੋਚ, ਵਿਹਾਰ ਅਤੇ ਮੁੱਲਾਂ ਵਿੱਚ ਬਦਲਾਅ ਨਾਲ ਆਉਂਦਾ ਹੈ। ਇਸ ਪੱਖੋਂ ਦੇਖਿਆ ਜਾਵੇ ਤਾਂ ਅੰਦੋਲਨ ਇੱਕ ਸ਼ੁਰੂਆਤ ਕਰ ਸਕਦੇ ਹਨ, ਪਰ ਸਥਾਈ ਤਬਦੀਲੀ ਲਈ ਸਿੱਖਿਆ, ਜਾਗਰੂਕਤਾ, ਸੰਵਾਦ ਅਤੇ ਸੰਸਥਾਗਤ ਸੁਧਾਰ ਵੀ ਬਰਾਬਰ ਜ਼ਰੂਰੀ ਹਨ। ਅੰਦੋਲਨ ਇੱਕ ਚਿੰਗਾਰੀ ਹੋ ਸਕਦੇ ਹਨ, ਪਰ ਉਸ ਚਿੰਗਾਰੀ ਨੂੰ ਸਮਾਜਿਕ ਵਿਕਾਸ ਦੀ ਲੌ ਬਣਾਈ ਰੱਖਣ ਲਈ ਲਗਾਤਾਰ ਯਤਨ ਲੋੜੀਂਦੇ ਹਨ।ਇਸ ਗੱਲ ਨੂੰ ਵੀ ਸਮਝਣਾ ਚਾਹੀਦਾ ਹੈ ਕਿ ਹਰ ਅੰਦੋਲਨ ਦੀ ਸਫ਼ਲਤਾ ਸਿਰਫ਼ ਉਸ ਦੀਆਂ ਤੁਰੰਤ ਪ੍ਰਾਪਤੀਆਂ ਨਾਲ ਨਹੀਂ ਮਾਪੀ ਜਾ ਸਕਦੀ। ਕਈ ਅੰਦੋਲਨਾਂ ਦੇ ਨਤੀਜੇ ਸਾਲਾਂ ਜਾਂ ਦਹਾਕਿਆਂ ਬਾਅਦ ਸਾਹਮਣੇ ਆਉਂਦੇ ਹਨ। ਕਈ ਵਾਰ ਉਹ ਨੀਤੀਆਂ ਵਿੱਚ ਬਦਲਾਅ ਨਹੀਂ ਕਰਦੇ, ਪਰ ਲੋਕਾਂ ਦੀ ਸੋਚ ਅਤੇ ਸਮਾਜਿਕ ਚਰਚਾ ਨੂੰ ਨਵੀਂ ਦਿਸ਼ਾ ਦੇ ਜਾਂਦੇ ਹਨ, ਜੋ ਲੰਬੇ ਸਮੇਂ ਵਿੱਚ ਵੱਡੇ ਪਰਿਵਰਤਨ ਦਾ ਕਾਰਨ ਬਣਦੀ ਹੈ।ਅੰਤ ਵਿੱਚ, ਅੰਦੋਲਨ ਸਮਾਜਿਕ ਪਰਿਵਰਤਨ ਦਾ ਇੱਕ ਮਹੱਤਵਪੂਰਨ ਸਾਧਨ ਹਨ, ਪਰ ਇਹ ਆਪਣੇ ਆਪ ਵਿੱਚ ਅੰਤਿਮ ਹੱਲ ਨਹੀਂ ਹਨ। ਉਮੀਦਾਂ ਅਤੇ ਨਤੀਜਿਆਂ ਵਿਚਕਾਰ ਅੰਤਰ ਨੂੰ ਘਟਾਉਣ ਲਈ ਜ਼ਿੰਮੇਵਾਰ ਲੀਡਰਸ਼ਿਪ, ਲੋਕਾਂ ਦੀ ਸਰਗਰਮ ਭਾਗੀਦਾਰੀ, ਸ਼ਾਂਤੀਪੂਰਨ ਸੰਘਰਸ਼, ਤੱਥਾਂ 'ਤੇ ਆਧਾਰਿਤ ਸੰਵਾਦ ਅਤੇ ਪ੍ਰਭਾਵਸ਼ਾਲੀ ਨੀਤੀਆਂ ਦੀ ਲੋੜ ਹੁੰਦੀ ਹੈ। ਜਦੋਂ ਅੰਦੋਲਨ ਜਾਗਰੂਕਤਾ ਨੂੰ ਜ਼ਿੰਮੇਵਾਰੀ ਅਤੇ ਸੰਘਰਸ਼ ਨੂੰ ਰਚਨਾਤਮਕ ਹੱਲ ਨਾਲ ਜੋੜਦੇ ਹਨ, ਤਦੋਂ ਹੀ ਉਹ ਸਮਾਜ ਵਿੱਚ ਸਥਾਈ ਅਤੇ ਸਕਾਰਾਤਮਕ ਪਰਿਵਰਤਨ ਲਿਆਉਣ ਵਿੱਚ ਸਫ਼ਲ ਹੁੰਦੇ ਹਨ।







WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.


Pal Films Production
All Your Photo/Videography & Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521



ਬਰਜਿੰਦਰ ਕੌਰ ਬਿਸਰਾਓ
99889-01324

# ਦਿਲਦਾਰ ਦਿਸਣ ਵਾਲੇ ਲੋਕ ਤੰਗਦਿਲ ਕਿਉਂ ਹੁੰਦੇ ਹਨ?

ਅੱਜ ਕੱਲ੍ਹ ਸੋਸ਼ਲ ਮੀਡੀਆ ਦਾ ਯੁੱਗ ਹੈ। ਆਮ ਲੋਕਾਂ ਨੂੰ ਸੋਸ਼ਲ ਨੈੱਟਵਰਕਿੰਗ ਰਾਹੀਂ ਜੁੜਨ ਵਿੱਚ ਦੇਰੀ ਨਹੀਂ ਲੱਗਦੀ। ਆਮ ਜਿਹਾ ਇਨਸਾਨ ਵੀ ਆਪਣੇ ਹੱਥ ਵਿੱਚ ਫੜੇ ਫ਼ੋਨ ਰਾਹੀਂ ਹਜ਼ਾਰਾਂ ਲੱਖਾਂ ਲੋਕਾਂ ਤੱਕ ਪਹਿਚਾਣ ਬਣਾ ਕੇ ਉਨ੍ਹਾਂ ਨਾਲ ਸੋਸ਼ਲ ਰਿਸ਼ਤੇ ਜੋੜ ਰਿਹਾ ਹੈ। ਸੋਸ਼ਲ ਮੀਡੀਆ ਦੇ ਆਉਣ ਤੋਂ ਪਹਿਲਾਂ ਅਸੀਂ ਆਪਣੇ ਆਲ਼ੇ ਦੁਆਲ਼ੇ ਵਿੱਚੋਂ ਥੋੜ੍ਹੇ ਜਿਹੇ ਰਿਸ਼ਤੇ ਜਿਵੇਂ ਘਰ ਪਰਿਵਾਰਾਂ ਨਾਲ ਸਬੰਧਤ, ਰਿਸ਼ਤੇਦਾਰਾਂ ਨਾਲ ਜੁੜੇ ਹੋਏ ਅਤੇ ਸਮਾਜਿਕ ਰਿਸ਼ਤੇ ਹੀ ਬਣਾਉਂਦੇ ਸੀ। ਇਹ ਰਿਸ਼ਤੇ ਦਿਲਦਾਰੀਆਂ ਦੇ ਰਿਸ਼ਤੇ ਹੁੰਦੇ ਸਨ। ਇਹ ਰਿਸ਼ਤੇ ਮਿਲ਼ ਵਰਤ ਕੇ ਬਣਾਏ ਹੋਏ ਹੁੰਦੇ ਸਨ। ਇਹ ਰਿਸ਼ਤੇ ਚਾਹੇ ਥੋੜ੍ਹੇ ਹੁੰਦੇ ਸਨ ਪਰ ਸੱਚੇ ਅਤੇ ਉਮਰਾਂ ਤੱਕ ਨਿਭਣ ਵਾਲ਼ੇ ਰਿਸ਼ਤੇ ਹੁੰਦੇ ਸਨ। ਇਹਨਾਂ ਰਿਸ਼ਤਿਆਂ ਵਿੱਚ ਪਵਿੱਤਰਤਾ ਅਤੇ ਪਿਆਰ ਮੁਹੱਬਤ ਦਾ ਭਾਵ ਠਾਠਾਂ ਮਾਰਦਾ ਹੁੰਦਾ ਸੀ।

ਵਿਵਹਾਰਿਕ ਦਿਲਦਾਰੀਆਂ ਨਾਲ਼ ਜੁੜੇ ਇਹਨਾਂ ਰਿਸ਼ਤਿਆਂ ਵਿੱਚ ਇੱਕ ਦੂਜੇ ਨੂੰ ਧੋਖਾ ਦੇਣ ਦੀ ਤਾਂ ਕਦੇ ਸੰਭਾਵਨਾ ਹੀ ਪੈਦਾ ਨਹੀਂ ਹੁੰਦੀ ਸੀ। ਸਗੋਂ ਇਹ ਰਿਸ਼ਤੇ ਇੱਕ ਦੂਜੇ ਉੱਤੇ ਜਾਨ ਵਾਰਨ ਵਾਲੇ ਰਿਸ਼ਤੇ ਸਾਬਤ ਹੁੰਦੇ ਸਨ। ਇਨ੍ਹਾਂ ਰਿਸ਼ਤਿਆਂ ਵਿੱਚ ਪਾਰਦਰਸ਼ਤਾ ਬਹੁਤ ਹੁੰਦੀ ਸੀ। ਜ਼ੁਬਾਨ ਦੇ ਪੱਕੇ ਲੋਕ ਹੁੰਦੇ ਸਨ। ਜੋ ਵਾਅਦਾ ਕਰਦੇ ਸਨ ਉਸ ਗੱਲ ਨੂੰ ਆਪਣੇ ਆਪ ਨੂੰ ਮੁਸੀਬਤ ਵਿੱਚ ਪਾ ਕੇ ਤੋੜ ਨਿਭਾਉਂਦੇ ਸਨ। ਇਹਨਾਂ ਰਿਸ਼ਤਿਆਂ ਦਾ ਸ਼ਿੰਗਾਰ ਆਪਣੇ ਆਲ਼ੇ ਦੁਆਲ਼ੇ ਦੇ ਲੋਕਾਂ ਦੀ ਸ਼ਰਮ ਤੇ ਹਯਾ ਹੁੰਦੇ ਸਨ। ਇਸ ਲਈ ਸਾਰੇ ਲੋਕ ਹੀ ਖੁੱਲ੍ਹ ਕੇ ਰਿਸ਼ਤੇ ਨਿਭਾਉਣ ਦੇ ਨਾਲ ਨਾਲ ਉਹਨਾਂ ਨੂੰ ਖੁੱਲ੍ਹਦਿਲੀ ਨਾਲ ਜਿਉਂਦੇ ਸਨ। ਅੱਜ ਕੱਲ੍ਹ ਸੋਸ਼ਲ ਮੀਡੀਆ ਰਾਹੀਂ ਬਿਨਾਂ ਜਾਣ ਪਛਾਣ ਦੇ ਹਜ਼ਾਰਾਂ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਨਾ਼ਲ ਬਣੇ ਹੋਏ ਰਿਸ਼ਤੇ ਐਨੇ ਕੁ ਕੱਚੇ ਹਨ ਕਿ ਕਈ ਲੋਕ ਤਾਂ ਇਹਨਾਂ ਵਿੱਚੋਂ ਚੁਣ ਚੁਣ ਕੇ ਕੁਝ ਕੁ ਲੋਕਾਂ ਨਾ਼ਲ ਰਿਸ਼ਤੇ ਬਣਾਉਂਦੇ ਹਨ, ਸਵੇਰੇ ਰਿਸ਼ਤਾ ਬਣਾਉਣ ਵਾ਼ਲਾ ਬਹੁਤ ਦਿਲਦਾਰ ਬੰਦਾ ਲੱਗਦਾ ਹੈ ਤੇ ਕੁਝ ਘੰਟਿਆਂ ਦੀ ਗੱਲ ਬਾਤ ਤੇ ਵਿਵਹਾਰ ਤੋਂ ਹੀ ਉਸ ਦੀ ਦਿਲਦਾਰੀ ਤੰਗ ਦਿਲੀ ਵਿੱਚ ਬਦਲੀ ਹੋਈ ਨਜ਼ਰ ਆਉਂਦੀ ਹੈ ਤੇ ਇਨ੍ਹਾਂ ਰਿਸ਼ਤਿਆਂ ਦੀ ਉਮਰ ਕੁਝ ਘੰਟੇ ਜਾਂ ਕੁਝ ਦਿਨ ਦੀ ਹੁੰਦੀ ਹੈ। ਸੋਸ਼ਲ ਮੀਡੀਆ ਤੇ ਚੋਰੀ ਛਿਪੇ ਰਿਸ਼ਤੇ ਬਣਾਉਣ ਤੇ ਫਿਰ ਕੁਝ ਘੰਟਿਆਂ ਵਿੱਚ ਹੀ ਤੋੜਨ ਲੱਗੇ ਬਿਨਾਂ ਕਾਰਨ ਦੱਸੇ ਹੀ ਦਫ਼ਨ ਹੋ ਜਾਂਦੇ ਹਨ। ਇਸ ਦਾ ਕਾਰਨ ਇਹ ਹੁੰਦਾ ਹੈ ਕਿ ਇਹੋ ਜਿਹੇ ਲੋਕਾਂ ਅੰਦਰੋਂ ਸਮਾਜ ਦੀ ਲੱਜ ਤੇ ਹਯਾ ਦਾ ਡਰ ਨਹੀਂ ਹੁੰਦਾ ,ਧੋਖਾ ਫ਼ਰੇਬ ਤੇ ਸਵਾਰਥ ਭਾਰੂ ਹੁੰਦੇ ਹਨ। ਉਹ ਲੋਕ ਨੈਤਿਕ ਕਦਰਾਂ ਕੀਮਤਾਂ ਤੋਂ ਵਿਹੂਣੇ ਲੋਕ ਹੁੰਦੇ ਹਨ, ਉਨ੍ਹਾਂ ਅੰਦਰ ਉਦਾਰਤਾ ਦੀ ਭਾਵਨਾ ਮਰ ਚੁੱਕੀ ਹੁੰਦੀ ਹੈ। ਉਹ ਲੋਕ ਮੈਸੇਜ ਬਾਕਸਾਂ ਅੰਦਰ ਬੰਦ ਬਾਤਚੀਤ ਰਾਹੀਂ ਆਪਣੀ ਤੰਗਦਿਲੀ ਦਾ ਪ੍ਰਗਟਾਵਾ ਕਰਕੇ ਫਿਰ ਤੋਂ ਦੁਨੀਆਂ ਵਿੱਚ ਬੜੇ ਦਿਲਦਾਰ ਬਣ ਕੇ ਘੁੰਮਦੇ ਨਜ਼ਰ ਆਉਂਦੇ ਹਨ।

ਅਸਲ ਵਿੱਚ ਇਨਸਾਨ ਦੀ ਸ਼ਖ਼ਸੀਅਤ ਨੂੰ ਸਿਰਫ਼ ਉਸਦੇ ਕੰਮਕਾਜ ,ਪਹਿਰਾਵੇ, ਮੁਸਕਰਾਹਟ ਜਾਂ ਮਿੱਠੀਆਂ ਗੱਲਾਂ ਨਾਲ ਨਹੀਂ ਪਰਖਿਆ ਜਾ ਸਕਦਾ। ਕਈ ਵਾਰ ਜੋ ਲੋਕ ਬਾਹਰੋਂ ਬਹੁਤ ਖੁੱਲ੍ਹੇ ਦਿਲ ਵਾਲੇ, ਹੱਸਮੁੱਖ ਅਤੇ ਹਰ ਕਿਸੇ ਨਾਲ ਪਿਆਰ ਨਾਲ ਪੇਸ਼ ਆਉਂਦੇ ਦਿਸਦੇ ਹਨ, ਉਹੀ ਕਿਸੇ ਮੌਕੇ 'ਤੇ ਬਹੁਤ ਤੰਗਦਿਲ, ਈਰਖਾਲੂ ਜਾਂ ਸਵਾਰਥੀ ਨਿਕਲਦੇ ਹਨ। ਅਕਸਰ ਸੋਸ਼ਲ ਮੀਡੀਆ ਤੇ ਦਿਲਦਾਰੀ ਨਾ਼ਲ ਦਿਖਾਵਾ ਕਰਨ ਵਾਲੇ ਲੋਕ ਅਸਲੀਅਤ ਵਿੱਚ ਬਹੁਤ ਹੀ ਸੌੜੀ ਮਾਨਸਿਕਤਾ ਦੇ ਮਾਲਕ ਪਾਏ ਜਾਂਦੇ ਹਨ। ਇਹ ਵਿਰੋਧਾਭਾਸ ਅੱਜ ਦੇ ਸਮਾਜ ਵਿੱਚ ਅਕਸਰ ਹੀ ਵੇਖਣ ਨੂੰ ਮਿਲਦਾ ਹੈ। ਇਸ ਕਰਕੇ ਸਵਾਲ ਉੱਠਦਾ ਹੈ ਕਿ ਆਖ਼ਰ ਅਜਿਹਾ ਕਿਉਂ ਹੁੰਦਾ ਹੈ? ਦਿਲਦਾਰੀ ਸਿਰਫ਼ ਮੁਸਕਰਾਉਣ ਜਾਂ ਖੁੱਲ੍ਹ ਕੇ ਗੱਲ ਕਰਨ ਦਾ ਨਾਮ ਨਹੀਂ ਹੈ ਸਗੋਂ ਅਸਲੀ ਦਿਲਦਾਰੀ ਤਾਂ ਦੂਜਿਆਂ ਦੀ ਖ਼ੁਸ਼ੀ ਵਿੱਚ ਖ਼ੁਸ਼ ਹੋਣਾ, ਉਹਨਾਂ ਦੀ ਕਾਮਯਾਬੀ 'ਤੇ ਦਿਲੋਂ ਵਧਾਈ ਦੇਣਾ, ਗਲਤੀਆਂ ਨੂੰ ਮਾਫ਼ ਕਰਨਾ, ਖੁੱਲ੍ਹ ਕੇ ਪੇਸ਼ ਆਉਣਾ ਅਤੇ ਲੋੜ ਪੈਣ 'ਤੇ ਨਿਸ਼ਕਾਮ ਮਦਦ ਕਰਨਾ ਹੈ। ਪਰ ਕਈ ਲੋਕ ਦੁਨੀਆਂ ਵਿੱਚ ਆਪਣੀ ਚੰਗੀ ਪਹਿਚਾਣ ਬਣਾਉਣ ਲਈ ਬਹੁਤ ਦਿਲਦਾਰ ਹੋਣ ਦਾ ਸਿਰਫ਼ ਦਿਖਾਵਾ ਕਰਦੇ ਹਨ। ਜਦੋਂ ਉਹਨਾਂ ਦੇ ਆਪਣੇ ਹਿੱਤਾਂ ਨੂੰ ਥੋੜ੍ਹਾ ਜਿਹਾ ਵੀ ਨੁਕਸਾਨ ਹੋਣ ਦੀ ਸੰਭਾਵਨਾ ਪੈਦਾ ਹੁੰਦੀ ਹੈ, ਤਾਂ ਉਹਨਾਂ ਦੀ ਅਸਲੀ ਸੋਚ ਸਾਹਮਣੇ ਆ ਜਾਂਦੀ ਹੈ ਤੇ ਆਪਣੀ ਤੰਗਦਿਲੀ ਦਾ ਪ੍ਰਗਟਾਵਾ ਕਰਦੇ ਹੋਏ ਦੂਜਿਆਂ ਦੀਆਂ ਭਾਵਨਾਵਾਂ ਨਾ਼ਲ ਖੇਡ ਜਾਂਦੇ ਹਨ।

ਕਈ ਵਾਰ ਇਸ ਦਾ ਕਾਰਨ ਅੰਦਰਲੀ ਅਸੁਰੱਖਿਆ ਦੀ ਭਾਵਨਾ ਵੀ ਹੁੰਦੀ ਹੈ। ਜੋ ਵਿਅਕਤੀ ਆਪਣੇ ਆਪ ਨੂੰ ਦੂਜਿਆਂ ਨਾਲੋਂ ਘਟੀਆ ਸਮਝਦਾ ਹੈ ਜਾਂ ਫਿਰ ਦੂਜਿਆਂ ਨੂੰ ਖ਼ੁਦ ਨਾ਼ਲੋਂ ਘਟੀਆ ਸਮਝਦਾ ਹੈ,ਉਹ ਬਾਹਰੋਂ ਤਾਂ ਵੱਡੇ ਦਿਲ ਵਾਲਾ ਦਿਸਣ ਦੀ ਕੋਸ਼ਿਸ਼ ਕਰਦਾ ਹੈ, ਪਰ ਜਿਵੇਂ ਹੀ ਕਿਸੇ ਹੋਰ ਨੂੰ ਤਰੱਕੀ ਕਰਦਾ ਵੇਖਦਾ ਹੈ, ਉਸਦੇ ਮਨ ਵਿੱਚ ਈਰਖਾ ਪੈਦਾ ਹੋ ਜਾਂਦੀ ਹੈ। ਇਹ ਈਰਖਾ ਹੌਲੀ-ਹੌਲੀ ਤੰਗਦਿਲੀ ਦਾ ਰੂਪ ਧਾਰ ਲੈਂਦੀ ਹੈ। ਅੱਜ ਦੇ ਸੋਸ਼ਲ ਮੀਡੀਆ ਦੇ ਯੁੱਗ ਨੇ ਵੀ ਇਸ ਰੁਝਾਨ ਨੂੰ ਵਧਾਇਆ ਹੈ।

ਲੋਕ ਆਪਣੀ ਕੰਮਕਾਜ ,ਉਦਾਰਤਾ, ਦਾਨ-ਪੁੰਨ ਜਾਂ ਮਦਦ ਦੇ ਪਲਾਂ ਨੂੰ ਤਸਵੀਰਾਂ ਅਤੇ ਵੀਡੀਓਜ਼ ਰਾਹੀਂ ਦਿਖਾਉਂਦੇ ਹਨ। ਇਹ ਜ਼ਰੂਰੀ ਨਹੀਂ ਕਿ ਹਰ ਵਿਅਕਤੀ ਦਿਖਾਵੇ ਲਈ ਹੀ ਕਰਦਾ ਹੋਵੇ, ਪਰ ਕਈ ਵਾਰ ਬਾਹਰੀ ਚਮਕ-ਦਮਕ ਅਸਲ ਸੁਭਾਅ ਨੂੰ ਓਹਲੇ ਕਰ ਦਿੰਦੀ ਹੈ। ਇਨਸਾਨ ਦੀ ਅਸਲੀਅਤ ਉਸ ਵੇਲੇ ਸਾਹਮਣੇ ਆਉਂਦੀ ਹੈ ਜਦੋਂ ਉਸ ਨੂੰ ਕਿਸੇ ਤੋਂ ਕੋਈ ਲਾਭ ਨਾ ਮਿਲਣਾ ਹੋਵੇ।

ਤੰਗਦਿਲੀ ਦੀ ਇੱਕ ਹੋਰ ਵਜ੍ਹਾ ਬਹੁਤ ਜ਼ਿਆਦਾ ਸਵਾਰਥ ਵੀ ਹੈ। ਜਦੋਂ ਇਨਸਾਨ ਹਰ ਰਿਸ਼ਤੇ ਨੂੰ ਆਪਣੇ ਫਾਇਦੇ-ਨੁਕਸਾਨ ਦੀ ਤਰਾਜ਼ੂ ਵਿੱਚ ਤੋਲਣ ਲੱਗ ਪੈਂਦਾ ਹੈ, ਤਾਂ ਉਸ ਦੀ ਦਿਲਦਾਰੀ ਸੋਸ਼ਲ ਮੀਡੀਆ ਦੀਆਂ ਕੰਧਾਂ ਉੱਤੇ ਸਿਰਫ਼ ਸ਼ਬਦਾਂ ਅਤੇ ਫੋਟੋਆਂ ਤੱਕ ਹੀ ਸੀਮਤ ਰਹਿ ਜਾਂਦੀ ਹੈ। ਉਹ ਦੂਜਿਆਂ ਨੂੰ ਉਦੋਂ ਤੱਕ ਹੀ ਪਸੰਦ ਕਰਦਾ ਹੈ, ਜਦੋਂ ਤੱਕ ਉਹ ਵਿਅਕਤੀ ਉਸਦੇ ਹਿੱਤਾਂ ਦੇ ਅਨੁਕੂਲ ਹੋਵੇ। ਇਸਦੇ ਉਲਟ ਕੁਝ ਲੋਕ ਅਜਿਹੇ ਵੀ ਹੁੰਦੇ ਹਨ ਜੋ ਬਹੁਤ ਸਾਦੇ, ਘੱਟ ਬੋਲਣ ਵਾਲੇ ਜਾਂ ਸਖ਼ਤ ਸੁਭਾਅ ਦੇ ਦਿਸਦੇ ਹਨ, ਪਰ ਅੰਦਰੋਂ ਬਹੁਤ ਹੀ ਵਿਸ਼ਾਲ ਦਿਲ ਦੇ ਮਾਲਕ ਹੁੰਦੇ ਹਨ। ਉਹ ਆਪਣੀ ਨੇਕੀ ਦਾ ਰੌ਼ਲਾ ਨਹੀਂ ਪਾਉਂਦੇ। ਉਹਨਾਂ ਦੀ ਮਦਦ ਚੁੱਪਚਾਪ ਹੁੰਦੀ ਹੈ ਅਤੇ ਉਹ ਕਿਸੇ ਤੋਂ ਸ਼ਲਾਘਾ ਦੀ ਉਮੀਦ ਵੀ ਨਹੀਂ ਰੱਖਦੇ। ਇਹੋ ਜਿਹੇ ਲੋਕ ਦੂਜਿਆਂ ਨਾ਼ਲ ਬਣਾਏ ਰਿਸ਼ਤੇ ਵੀ ਖ਼ੂਬ ਦਿਲਦਾਰੀ ਨਾ਼ਲ ਨਿਭਾਉਂਦੇ ਹਨ। ਅਜਿਹੇ ਲੋਕ ਸਮਾਜ ਦੀ ਅਸਲੀ ਪੂੰਜੀ ਹੁੰਦੇ ਹਨ। ਇਸ ਲਈ ਕਿਸੇ ਵੀ ਵਿਅਕਤੀ ਬਾਰੇ ਸਿਰਫ਼ ਪਹਿਲੀ ਨਜ਼ਰ ਵਿੱਚ ਕੋਈ ਰਾਇ ਨਹੀਂ ਬਣਾਉਣੀ ਚਾਹੀਦੀ। ਸਮਾਂ ਹੀ ਉਹ ਕਸੌਟੀ ਹੈ ਜੋ ਇਨਸਾਨ ਦੇ ਚਰਿੱਤਰ ਨੂੰ ਪਰਖਦਾ ਹੈ। ਅਸਲ ਦਿਲਦਾਰ ਉਹ ਨਹੀਂ ਜੋ ਹਰ ਵੇਲੇ ਆਪਣੇ ਆਪ ਨੂੰ ਉਦਾਰ ਸਾਬਤ ਕਰਨ ਦੀ ਕੋਸ਼ਿਸ਼ ਕਰੇ, ਸਗੋਂ ਉਹ ਹੈ ਜੋ ਦੂਜਿਆਂ ਦੀ ਖੁਸ਼ੀ ਵਿੱਚ ਆਪਣੀ ਖੁਸ਼ੀ ਲੱਭੇ, ਕਿਸੇ ਦੀ ਤਰੱਕੀ ਤੋਂ ਨਾ ਸੜੇ ਅਤੇ ਹਰ ਹਾਲਤ ਵਿੱਚ ਇਨਸਾਨੀਅਤ ਅਤੇ ਦੂਜਿਆਂ ਦੀਆਂ ਭਾਵਨਾਵਾਂ ਨੂੰ ਪਹਿਲ ਦੇਵੇ।

ਦਿਲਦਾਰੀ ਚਿਹਰੇ 'ਤੇ ਨਹੀਂ, ਚਰਿੱਤਰ ਵਿੱਚ ਵੱਸਦੀ ਹੈ। ਸੋਸ਼ਲ ਮੀਡੀਆ ਰਾਹੀਂ ਬਾਹਰੀ ਦਿਖਾਵਾ ਕੁਝ ਸਮੇਂ ਲਈ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ, ਪਰ ਇਨਸਾਨ ਦਾ ਅਸਲੀ ਦਿਲ ਉਸਦੇ ਵਿਹਾਰ, ਸੋਚ ਅਤੇ ਔਖੇ ਸਮੇਂ ਵਿੱਚ ਕੀਤੇ ਕਰਮਾਂ ਰਾਹੀਂ ਹੀ ਪਛਾਣਿਆ ਜਾਂਦਾ ਹੈ। ਇਸ ਲਈ ਸਾਨੂੰ ਦਿਲਦਾਰ ਦਿਸਣ ਦੀ ਨਹੀਂ, ਸੱਚਮੁੱਚ ਦਿਲਦਾਰ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਤਦ ਹੀ ਸਾਡੇ ਰਿਸ਼ਤੇ ਮਜ਼ਬੂਤ ਹੋਣਗੇ ਅਤੇ ਸਮਾਜ ਵਿੱਚ ਆਪਸੀ ਵਿਸ਼ਵਾਸ, ਪਿਆਰ ਅਤੇ ਸਾਂਝ ਦੀ ਭਾਵਨਾ ਹੋਰ ਵੀ ਮਜ਼ਬੂਤ ਹੋਵੇਗੀ। ਨਹੀਂ ਤਾਂ ਇੱਕ ਦੋਸਤ ਨਾਲ ਕੀਤਾ ਤੁਹਾਡਾ ਗ਼ਲਤ ਵਿਹਾਰ ਉਸੇ ਦੁਆਰਾ ਤੁਹਾਡੇ ਕਈ ਹੋਰ ਜਾਣ ਪਛਾਣ ਦੇ ਲੋਕਾਂ ਤੱਕ ਪਹੁੰਚਦਾ ਹੀ ਪਹੁੰਚਦਾ ਹੈ ਤੇ ਸਮਾਜ ਵਿੱਚ ਛਵੀ ਖ਼ਰਾਬ ਹੁੰਦੀ ਹੈ। ਸੋਸ਼ਲ ਮੀਡੀਆ ਨੂੰ ਨਿਰਾ ਆਪਣੀ ਝੂਠੀ ਦਿਲਦਾਰੀ ਵਾ਼ਲੀ ਸ਼ਖ਼ਸੀਅਤ ਦਿਖਾਉਣ ਦਾ ਜ਼ਰੀਆ ਨਹੀਂ ਬਣਾਉਂਣਾ ਚਾਹੀਦਾ। ਇਹ ਵੀ ਨਹੀਂ ਸੋਚਣਾ ਚਾਹੀਦਾ ਕਿ ਇੱਥੇ ਬਣੇ ਰਿਸ਼ਤਿਆਂ ਦੀ ਕਿਹੜਾ ਕਿਸੇ ਨੂੰ ਭਿਣਕ ਲੱਗਣੀ ਹੈ,ਇਹ ਸੋਚ ਕੇ ਆਪਣੀ ਘਟੀਆ ਮਾਨਸਿਕਤਾ ਦਿਖਾ ਕੇ ਤੰਗਦਿਲੀ ਦਾ ਪ੍ਰਗਟਾਵਾ ਨਾ ਕਰੋ। ਸਗੋਂ ਆਪਣੇ ਅਤੇ ਆਪਣੇ ਨਾਲ ਵਰਤਣ ਵਾਲੇ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਜੋ ਤੁਸੀਂ ਹੋ ਉਸ ਤਰ੍ਹਾਂ ਦਾ ਵਰਤਾਓ ਕਰੋਗੇ ਤਾਂ ਤੁਹਾਡੀਆਂ ਥੋੜ੍ਹੀਆਂ ਬਹੁਤੀਆਂ ਕਮੀਆਂ ਪੇਸ਼ੀਆਂ ਵਿੱਚ ਵੀ ਸੁਧਾਰ ਹੋ ਕੇ ਤੁਸੀਂ ਦਿਲਦਾਰ ਇਨਸਾਨ ਬਣ ਸਕਦੇ ਹੋ।

Now Open New Banquet Hall in Sacramento
For more info: Contact Paul : (916)334-6000




Arrested ?
DUI ?
Drug Charges ?
Gun Violation ?
Ghuman Law Group
GLG
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


SERVPRO®
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702


JK TYRE INC
JK TYRE
TOTAL CONTROL
KTD10-LEAO
Radial Truck Tire (Long Haul)
295/75R22.5
$2600
With Installation
Singh: 510-766-9382
JK JETSTEEL JDH
SPECIAL OFFER !!
DRIVE TIRE
11R22.5-
With Installation
Singh: 510-766-9382
Firestone FS591
SPECIAL OFFER !!
STEER TIRE
295/75R22.5
With Installation
Singh: 510-766-9382
11R22.5
With Installation
Singh: 510-766-9382
Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5
JETWAY JTH 1
SPECIAL OFFER !!
TRAILER TIRE
11R22.5-
11R24.5-
With Installation
Singh: 510-766-9382
JETWAY JTH SD
SPECIAL OFFER !!
TRAILER TIRE
295/75R22.5-
With Installation
Singh: 510-766-9382
JK JETSTEEL JDL2
SPECIAL OFFER !!
DRIVE TIRE
11R22.5-
11R24.5-
295/75R22.5-
With Installation
Singh: 510-766-9382
FALKEN TIRES
GOODYEAR
KELLY TIRES
BARKLEY
Feel the difference
PIRELLI
MICHELIN
A better way forward
BRIDGESTONE
Firestone
YOKOHAMA
PEARLY
NAMA
TOYO TIRES
driven to perform
Continental
DUNLOP TIRES
S. Singh Cell: (510) 766-9382
2955 N. Wilson Way Stockton , CA 95205

# ਵਿਨੋਦ ਵਿੱਠਲ ਦੀਆਂ ਕਵਿਤਾਵਾਂ

ਕਿਸੇ ਲੰਮੀ ਕਾਰ ਵਿੱਚ ਸੁਣਦਾ ਹਾਂ ਤੇਜ਼ ਮਿਊਜ਼ਿਕ - ਬਲੂ ਹੈ ਪਾਣੀ ਪਾਣੀ
ਜਾਂ ਵੇਖਦਾ ਹਾਂ ਬਾਈਕ ਤੇ ਤੇਜ਼ੀ ਨਾਲ
ਅਦ੍ਰਿਸ਼ ਹੁੰਦੇ ਕਿਸੇ ਹੈੱਡਫ਼ੋਨ ਵਾਲੇ ਮੁੰਡੇ ਨੂੰ
ਮੈਨੂੰ ਯਾਦ ਆਉਂਦੀ ਹੈ ਸਾਈਕਲ ਤੇ ਮਰਫ਼ੀ ਮੁੰਨਾ ਲਟਕਾਈ ਅੱਛੂ ਕਾਕਾ ਦੀ
ਵਿਵਿਧ ਭਾਰਤੀ ਨੂੰ ਪੋਸਟ ਕਾਰਡ ਲਿਖਦੇ
ਕਟਨੀ ਦੇ ਅਨਿਲ ਤਾਮ੍ਰਕਰ ਅਤੇ ਮਲੋਟ ਪੰਜਾਬ ਦੇ ਸਤੀਸ਼ ਮਿਗਲਾਨੀ ਦੀ
ਵੇਖੋ ਕਿੰਨੀਆਂ ਚੀਜ਼ਾਂ ਗੁਆਚ ਗਈਆਂ ਨੇ ਇੱਕ ਸਾਈਕਲ ਨਾਲ

*****

ਕੋਈ ਪੋਸਟਰ ਨਹੀਂ ਚਿਪਕਾਇਆ ਜਾ ਸਕਦਾ ਇਸ ਤੇ
ਲਾਲ ਬੱਤੀ ਦੀ ਵੀ ਕੋਈ ਗੁੰਜਾਇਸ਼ ਨਹੀਂ
ਨਾ ਨਾਅਰਾ ਟੰਗਿਆ ਜਾ ਸਕਦਾ ਹੈ ਨਾ ਝੰਡਾ
ਨਾ ਸੜਕ ਵਿਚਕਾਰ ਚੱਲੇਗੀ
ਨਾ ਹੀ ਤੇਜ਼ ਕਿ ਬਹੁਤ ਪਿੱਛੇ ਰਹਿ ਜਾਣ ਸਾਰੇ ਲੋਕ
ਗ਼ੌਰ ਨਾਲ ਵੇਖੋ
ਆਮ ਆਦਮੀ ਨਾਲ ਕਿੰਨੀ ਸ਼ਕਲ ਮਿਲਦੀ ਹੈ ਇਹਦ
ਕਮਾਉਣ ਤੇ ਸਭ ਤੋਂ ਪਹਿਲਾਂ ਛੁਟਦਾ ਹੈ ਸਾਈਕਲ
ਵਰ੍ਹਿਆਂ ਪਿੱਛੋਂ ਬਹੁਤ ਕਮਾ ਲੈਣ ਤੇ ਵਾਪਸ ਆਉਂਦਾ ਹੈ;
ਪਰ ਮਹਿੰਗਾ ਵਾਲਾ
ਬਹੁਤ ਉਦਾਸ ਹੋ ਜਾਂਦਾ ਹੈ ਮਾਲੀ ਦੇ ਘਰ ਖੜ੍ਹਾ
ਆਪਣਾ ਹੀ ਵੀਹ ਸਾਲ ਪੁਰਾਣਾ ਸਾਈਕਲ
ਗਰੀਬੀ ਘੱਟ ਨਹੀਂ ਹੋ ਰਹੀ, ਪਰ ਸਾਈਕਲ ਘੱਟ ਹੋ ਰਹੇ ਹਨ
ਮਿਹਨਤ ਨੂੰ ਖਦੇੜ ਸੁੱਟਿਆ ਹੈ ਕਾਰਪੋਰੇਟ ਫ਼ਲਾਈ-ਓਵਰਜ਼ ਨੇ

*****

ਸਾਈਕਲ ਤੇ ਚੱਲਦਾ ਆਦਮੀ
20-20 ਦੇ ਖ਼ਿਲਾਫ਼ ਟੈਸਟ ਮੈਚ ਦਾ ਫਾਰਮੈਟ ਹੈ
ਪੈਰਾਂ ਤੋਂ ਬਿਨਾਂ ਵੀ ਚੱਲਿਆ ਜਾ ਸਕਦਾ ਹੈ
ਇਸੇ ਨੇ ਪਹਿਲੀ ਵਾਰੀ ਦੱਸਿਆ
ਅਤੇ ਇਹ ਵੀ ਕਿ ਬਿਨਾਂ ਲਗਾਤਾਰ ਪੈਰ ਚਲਾਏ ਵੀ ਚੱਲਿਆ ਜਾ ਸਕਦਾ ਹੈ ਕੁਝ ਚਿਰ
ਢਲਾਣ ਵੇਲੇ ਤਾਂ ਕਾਫ਼ੀ ਚਿਰ
ਉਂਜ ਜਿਨ੍ਹਾਂ ਦਾ ਸਾਧਨ ਸਾਈਕਲ ਹੈ
ਉਨ੍ਹਾਂ ਲਈ ਜ਼ਿੰਦਗੀ ਢਲਾਣ ਤੋਂ ਉਤਰਦੀ ਸਾਈਕਲ ਨਹੀਂ ਹੁੰਦੀ



ਸਾਂਝੀ ਸੋਚ
**ਪ੍ਰੋ.ਨਵ ਸੰਗੀਤ ਸਿੰਘ**
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

LARRY T. NIERMEYER
Attorney at Law

OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation

PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ
## AMERICA ਵਿੱਚ
## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


Gillson TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations (traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

**ਸੈਕਰਾਮੈਂਟੋ, ਕੈਲੀਫੋਰਨੀਆ**

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

**6624 FLORIN ROAD, SACRAMENTO CA, 95828**
**FAX: 916)258-0441, Cell: (916)308-7997**
Email: sacramento99@yahoo.com Website: www.capitalservices.us



# CAPITAL DRUG TESTING

Capital DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**



**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280